# ਪੰਜਾਬੀ ਪ੍ਰਕਾਸ਼ਕ

ਕਰੋਲ ਬਾਗ, ਦਿੱਲੀ
ਵਲੋਂ

**੧. ਨਵੀਂ ਸਵੇਰ:—**
ਪ੍ਰੋਫੈਸਰ ਹਰਚਰਨ ਸਿੰਘ ਦਾ ਨਵਾਂ ਕਾਹਣੀ ਸੰਗ੍ਰਹਿ ।

**੨. ਸਿੱਪੀਆਂ:--**
ਪ੍ਰੋਫੈਸਰ ਹਰਚਰਨ ਸਿੰਘ ਦੀਆਂ ਕਹਾਣੀਆਂ ਦਾ ਦੂਜਾ ਐਡੀਸ਼ਨ ।

**੩. ਤੇਰਾ ਘਰ ਸੋ ਮੇਰਾ ਘਰ:--**
ਪ੍ਰੋਫੈਸਰ ਹਰਚਰਨ ਸਿੰਘ ਦਾ ਬਹੁ-ਅੰਗੀ ਨਾਟਕ ਜੋ ਬੜੀ ਸਫਲਤਾ ਨਾਲ ਖੇਡਿਆ ਜਾ ਚੁੱਕਾ ਹੈ ।

**੪. ਜਾਗੀਰਦਾਰ:--**
ਇਹ ਪ੍ਰੋਫੈਸਰ ਨਰਿੰਜਨ ਸਿੰਘ ਦਾ ਪੂਰਾ ਨਾਟਕ ਹੈ ।


**੫. ਇਕ ਅਥਰੂ:--**
ਪ੍ਰੋਫੈਸਰ ਦਵਿੰਦਰ ਸਿੰਘ ਦਾ ਨਵਾਂ ਕਹਾਣੀ ਸੰਗ੍ਰਹਿ ।

## ਛਪ ਰਹੀਆਂ ਪੁਸਤਕਾਂ:--

**ਈਸ਼ਵਰ ਚਿਤ੍ਰਕਾਰ ਦਾ ਸਚਿਤ੍ਰ:**—ਕਾਵਿ-ਸੰਗ੍ਰਹਿ ।

**ਪ੍ਰੋਫੈਸਰ ਹਰਭਜਨ:**—ਦਾ ਸਚਿਤ੍ਰ ਕਾਵਿ ਸੰਗ੍ਰਹਿ ।

ਨੋਟ:—ਇਕੱਠੀਆਂ ਕਿਤਾਬਾਂ ਮੰਗਵਾਉਣ ਵਾਲਿਆਂ ਲਈ ਖਾਸ ਰਿਆਇਤ ।




# ਨਵੀਂ ਸਵੇਰ

ਹਰਚਰਨ ਸਿੰਘ

# ਨਵੀਂ ਸਵੇਰ

ਹਰਚਰਨ ਸਿੰਘ

★
★★

ਪੰਜਾਬੀ ਪ੍ਰਕਾਸ਼ਕ

ਕਰੋਲ ਬਾਗ਼, ਦਿੱਲੀ

ਸਭ ਹਕ ਕਰਤਾ ਦੇ ਰਾਖਵੇਂ ਹਨ

ਪਹਿਲੀ ਵਾਰ

੧੯੫੫

ਪ੍ਰਕਾਸ਼ਕ ਪਹਿਲੀ ਐਡੀਸ਼ਨ

ਰਘਬੀਰ ਸਿੰਘ 'ਵੀਰ' ਪੰਜਾਬੀ ਪ੍ਰਕਾਸ਼ਕ
ਕਰੋਲ ਬਾਗ, ਨਵੀਂ ਦਿੱਲੀ

ਪ੍ਰਿੰਟਰ—ਜਸਵੰਤ ਪ੍ਰਿੰਟਿੰਗ ਪ੍ਰੈਸ ਪਹਾੜਗੰਜ,
ਨਵੀਂ ਦਿਲੀ

# ਕਹਾਣੀ ਸੂਚੀ

ਮੁਖ ਬੰਦ
੧. ਨਵੀਂ ਸਵੇਰ ੧੩
੨. ਹੱਡਾਂ ਰੋੜੀ ੨੫
੩. ਸੱਤਾਂ ਪਤਣਾਂ ਦਾ ਤਾਰੂ ੩੯
੪. ਮਾਛਣ ਦੀ ਧੀ ੫੫
੫. ਨਵਾਂ ਜਨਮ ੬੫
੬. ਰਹਿਮਾ ਲਿਲਾਰੀ ੭੭
੭. ਜਦੋਂ ਲੋਕੀ ਸੁੱਤੇ ਪਏ ਸਨ ੮੯
੮, ਮਨੁਖ ਤੇ ਪਸ਼ੂ ੯੯
੯. ਮਹਾਤਮਾਂ ੧੦੫
੧੦. ਪੰਦਰਾਂ ਅਗਸਤ ੧੧੭

# ਮੁਖ-ਸ਼ਬਦ

ਅਜ ਦੀ ਪੰਜਾਬੀ ਕਹਾਣੀ ਸਾਹਿਤ ਦੇ ਹੋਰ ਅੰਗਾਂ ਵਾਂਗ ਕਾਫ਼ੀ ਉਨਤੀ ਕਰ ਚੁੱਕੀ ਹੈ ਅਤੇ ਇਸ ਦਾ ਮੁਹਾਂਦਰਾ ੧੦ ਸਾਲ ਪਹਿਲੇ ਦੀ ਕਹਾਣੀ ਨਾਲੋਂ ਬਹੁਤ ਵਖਰਾ ਹੈ। ਉਦੋਂ ਕਹਾਣੀ ਨੂੰ 'ਕਹਾਣੀ' ਸਮਝ ਕੇ ਲਿਖਿਆ ਜਾਂਦਾ ਸੀ, ਜਿਸ ਵਿਚ ਕੋਈ ਗਲ ਮਚਾਕੇ ਨਾਲ ਆਖੀ ਜਾਂ ਲਿਖੀ ਜਾ ਸਕੇ। ਵਿਸ਼ੇ ਬਾਰੇ ਗੰਭੀਰਤਾ ਵਲ ਕੋਈ ਗਹੁ ਨਹੀਂ ਸੀ ਕੀਤਾ ਜਾਂਦਾ ਜਾਂ ਦੂਜੇ ਸ਼ਬਦਾਂ ਵਿਚ ਕਹਾਣੀ ਦੀ ਵਸਤੂ ਨੂੰ ਕੋਈ ਵਿਸ਼ੇਸ਼ਤਾ ਨਹੀਂ ਸੀ ਦਿਤੀ ਜਾਂਦੀ। ਇਕ ਇਹੀ ਕਾਰਨ ਹੈ ਕਿ ਅਜ ਵੀ ਉਸ ਵਰਗੀ ਕਹਾਣੀ ਤੇ ਇਹੋ ਪੜਚੋਲ ਕੀਤੀ ਜਾਂਦੀ ਹੈ ਕਿ ਇਹ ਸਾਡਾ ਕੀ ਸਵਾਰਦੀ ਹੈ।

ਕਹਾਣੀ ਦੀ ਬਣਤਰ ਜਿਥੇ ਅਜ ਵਧੇਰੇ ਸੂਖਸ਼ਮ ਹੋ ਗਈ ਹੈ, ਉਥੇ ਉਸ ਵਿਚ ਵਸਤੂ ਵੀ ਪਰਧਾਨ ਹੋ ਗਈ ਹੈ। ਕੋਈ ਵੀ ਸਿਆਣਾ ਕਹਾਣੀ ਲੇਖਕ ਕਹਾਣੀ ਲਿਖਣ ਤੋਂ ਪਹਿਲੇ ਆਪਣੇ ਵਿਸ਼ੇ ਨੂੰ ਚੰਗੀ ਤਰ੍ਹਾਂ ਘੋਖਦਾ ਹੈ ਅਤੇ ਜੇ ਉਸ ਵਿਚ ਸਮਾਜਕ ਵਿਸ਼ੇਸ਼ਤਾ ਦਿਸੇ ਤਾਂ ਹੀ ਉਹ ਕਹਾਣੀ ਲਿਖਦਾ ਹੈ। ਕਾਰਨ ਇਹ ਕਿ ਕਲਾ ਹੁਣ ਨਾ ਤੇ ਕਲਾ ਲਈ ਹੀ ਵਰਤੀ ਜਾਂਦੀ ਹੈ ਅਤੇ ਨ ਹੀ ਲਾਰੰਸ Lawrenc ) ਵਾਂਗ ਸਾਹਿਤਕਾਰ ਆਪ ਬਚਾਆਣੇ ਵਾਸਤੇ 'ਕਲਾ ਮੇਰੇ ਲਈ' ਦਾ ਨਾਅਰਾ ਲਾ ਸਕਦਾ ਹੈ। ਹੁਣ ਕਲਾ ਲੋਕਾਂ ਵਾਸਤੇ ਹੈ ਅਤੇ ਇਸਨੂੰ ਉਨ੍ਹਾਂ ਦੇ ਜੀਵਨ ਮਸਲਿਆਂ ਨਾਲ ਸਬੰਧਤ ਹੋਣਾ ਪੈਂਦਾ ਹੈ। ਕਲਾ ਕੋਲੋਂ ਕੁਝ ਇਹੋ ਜਿਹਾ ਲੋਕਾਂ ਲਈ ਸਵਾਰ ਸਕਣ ਵਾਲਾ ਪੱਜ ਅਜ, ਉਸ ਦੇ ਦੂਜੇ ਸਵਾਦਾਂ ਤੋਂ ਵਖਰਾ, ਮਹਾਨ ਬਣ ਗਿਆ।

ਇਸ ਇਤਿਹਾਸਕ ਤਬਦੀਲੀ ਕਾਰਨ ਹੀ 'ਸਿਪੀਆਂ' ਲਿਖਣ ਵਾਲੇ ਹਰਚਰਨ ਸਿੰਘ ਨੂੰ 'ਨਵੀਂ ਸਵੇਰ' ਲਿਖਣ ਵਾਲਾ ਹਰਚਰਨ ਸਿੰਘ ਬਹੁਤ ਪਿਛੇ ਛਡ ਗਿਆ ਹੈ। ਇਹ ਗਲ ਉਸ ਦੀ ਇਕ ਦਹਾਕੇ ਤੋਂ ਵਧ ਸਮੇਂ ਵਿਚ ਪ੍ਰਾਪਤ ਕੀਤੀ ਸੂਝ ਦੀ ਲਖਾਇਕ ਹੈ। ਹੁਣ ਉਸ ਵਿਚ ਸਮੇਂ ਦੇ



ਨਾਲ ਨਾਲ ਸਮਾਜਕ ਚੇਤੰਨਤਾ ਜਾਗ ਪਈ ਹੈ ਅਤੇ ਇਸ ਸੰਗ੍ਰਿਹ ਵਿਚਲੀਆਂ ਕਹਾਣੀਆਂ ਇਸ ਨਵੀਂ ਸੂਝ ਨੂੰ ਦਰ-ਸਾਉਂਦੀਆਂ ਹਨ।

ਅਸਲ ਵਿੱਚ ਹਰਚਰਨ ਸਿੰਘ ਇਕ ਨਾਟਕਾਰ ਹੈ। ਪਰ ਇਹ ਕੋਈ ਕਾਰਨ ਨਹੀਂ ਕਿ ਇਹ ਸਫ਼ਲ ਕਹਾਣੀ ਲੇਖਕ ਨਹੀਂ ਬਣ ਸਕਦਾ। ਇਹ ਗਲ ਨਾਵਲਕਾਰਾਂ ਬਾਰੇ ਤਾਂ ਯੋਗ ਹੈ ਕਿ ਇਨ੍ਹਾਂ ਲਈ ਚੰਗਾ ਕਹਾਣੀ ਲੇਖਕ ਬਣਨਾ ਔਖਾ ਹੈ। ਪਰ ਇਕ ਚੰਗਾ ਨਾਟਕ-ਕਾਰ ਛੋਟੀ ਕਹਾਣੀ ਵੀ ਉਤਨੀ ਹੀ ਸਫ਼ਲਤਾ ਨਾਲ ਲਿਖ ਸਕਦਾ ਹੈ। ਇਸ ਅਸੂਲ ਦੀ ਬਲਵੰਤ ਗਾਰਗੀ ਨੇ ਵੀ 'ਡੁਲ੍ਹੇ ਬੇਰ' ਕਹਾਣੀ ਸੰਗ੍ਰਿਹ ਦੇ ਕੇ ਪੁਸ਼ਟੀ ਕਰ ਦਿਤੀ ਹੈ।

ਇਸ ਸੰਗ੍ਰਿਹ ਦੀਆਂ ਕਹਾਣੀਆਂ ਵਿਚੋਂ, 'ਨਵੀਂ ਸਵੇਰ' ਦਾ ਵਿਸ਼ਾ ਸਭ ਤੋਂ ਵਧੀਕ ਬਲਵਾਨ ਹੈ। ਸ਼ਰਨਾਰਥੀ ਕਿਰਸਾਨਾਂ ਨੂੰ ਜ਼ਮੀਨ ਦੀਆਂ ਕਚੀਆਂ ਅਤੇ ਅੱਧਪਕੀਆਂ (Quasi permanent) ਐਲਾ ਟਮੈਂਟਾਂ ਕਰ ਕੇ ਅਤੇ ਮੁੜ ਇਨ੍ਹਾਂ ਨੂੰ ਬੇ-ਦਖਲ ਕਰ ਕੇ ਤਾਂ ਜੋ ਵਿਹਲੜ ਜ਼ਮੀਨ ਮਾਲਕਾਂ ਨੂੰ ਇਹ ਅਲਾਟ ਕੀਤੀਆਂ ਜਾ ਸਕਣ, ਪੰਜਾਬ ਸਰਕਾਰ ਨੇ ਜੋ ਇਨ੍ਹਾਂ ਨਾਲ ਅਨਿਆਂ ਕੀਤਾ ਹੈ, ਇਹ ਇਸ ਕਹਾਣੀ ਵਿਚ

ਸੁਹਣੀ ਤਰ੍ਹਾਂ ਬਿਆਨ ਕੀਤਾ ਗਿਆ ਹੈ। ਸ਼ਾਮ ਸਿੰਘ ਵਰਗੇ ਅਲ੍ਹੜ ਜੱਟ ਵੀ ਇਹ ਆਖਣ ਤੇ ਮਜਬੂਰ ਹੋ ਗਏ ਹਨ 'ਮੈਂ ਜੁ ਤੈਨੂੰ ਆਖਿਆ, ਇਹ ਸਰਕਾਰ ਮਾਲਕਾਂ ਦੀਆ, ਸਰਮਾਏ ਦਾਰਾਂ ਦੀਆ' ਅਤੇ 'ਜੀਣੀ' ਵਰਗੀਆਂ ਜੱਟੀਆਂ ਜੋ ਸਰਕਾਰ ਦੇ ਹਰ ਕੰਮ ਨੂੰ ਰੱਬ ਦਾ ਭਾਣਾ ਮੰਨ ਕੇ ਸਹਿਣ ਨੂੰ ਤਿਆਰ ਹੁੰਦੀਆਂ ਹਨ, ਓੜਕ ਇਹ ਆਖਣ ਤੇ ਮਜਬੂਰ ਹੋ ਗਈਆਂ ਹਨ 'ਫੇਰ ਇਹੋ ਜਿਹੀ ਚੰਦਰੀ ਸਰਕਾਰ ਨੂੰ ਬਦਲਦੇ ਕਿਉਂ ਨਹੀਂ ?

'ਹੱਡਾਂ ਰੋੜੀ' ਵਿਚ ਲੇਖਕ ਨੇ ਨੀਵੀਆਂ ਜਾਤੀਆਂ ਨਾਲ ਧਿੰਗਾ ਹੁੰਦਾ ਵਿਖਾਇਆ ਹੈ। ਭੰਗੀ 'ਲਭੂ', ਉਸ ਦੀ ਪਤਣੀ 'ਬੁੱਧਾਂ' ਅਤੇ ਉਨ੍ਹਾਂ ਦਾ ਪੁਤਰ 'ਬਾਬੂ' ਜਨੌਰਾਂ ਦੀਆਂ ਹਡੀਆਂ ਨਾਲ ਮਨੁੱਖਾਂ ਦੀਆਂ ਹਡੀਆਂ ਨ ਵੇਚ ਸਕੇ ਜਿਨ੍ਹਾਂ ਨੂੰ ਉਚੀ ਨਾਲ ਉਨ੍ਹਾਂ ਦੇ ਧਰਮ ਭਰਾਵਾਂ ਨੇ ਵੰਡ ਵੇਲੇ ਵਢ ਸੁਟਿਆ ਸੀ।

'ਮਾਛਣ ਦੀ ਧੀ' ਵਿਚ ਹਰਚਰਨ ਸਿੰਘ ਨੇ ਭੁਖ ਦੀ ਆਤੁਰਤਾ ਨੂੰ ਸਾਰੇ ਔਗਣਾਂ ਦਾ ਕਾਰਨ ਦਸਿਆ ਹੈ। ਇਸੇ ਕਰਕੇ ਤਾਂ ਮੁਸੱਲੀਆਂ ਦਾ ਪੁੱਤਰ ਜ਼ਮਾਲਾ ਕੁਟੀਂਦਾ



ਦੇ ਭਾਣੇ ਮਲਕਾਂ ਦੀ ਬਤਖ ਤੇ ਅੰਡੇ ਚੋਰੀ ਕਰਨ ਵਾਲੀ ਮਾਛਣ ਦੀ ਧੀ' ਕੁੱਤੀ ਹੀ ਕਿਉਂ ਨ ਹੋਵੇ। ਨਾਲ ਹੀ ਉਸ ਸਰਕਾਰੀ ਲੱਛਣ ਅਨੁਸਾਰ ਅਖਾਉਤੀ ਜਟਾਂ ਉਪਰ ਚੋਟ ਮਾਰੀ ਹੈ ਜੋ ਸ਼ਹਿਰ ਵਿਚੋਂ ਕੁਝ ਦਿਨਾਂ ਲਈ ਆਕੇ ਆਪਣੇ ਖੇਤਾਂ ਤੋਂ ਵੰਡਾਈ ਕਰਕੇ ਲੈ ਜਾਂਦੇ ਹਨ। ਅਤੇ ਇਸ ਲੋਟੀ ਨੂੰ ਹੁਣ ਲੋਕੀ ਸਮਝਦੇ ਹਨ ਜਿਸ ਨੂੰ ਲੇਖਕ ਨੇ ਇਕ ਪਾਤਰ ਦੇ ਮੂੰਹੋ ਇਸ ਤਰ੍ਹਾਂ ਬਿਆਨ ਕੀਤਾ ਹੈ :–

"ਤੇ ਬਾਬੂ ਕਿਹੜੇ ਚੋਰਾਂ ਨਾਲੋਂ ਘਟ ਨੇ, ਚੋੜੇ ਲੁਟਦੇ ਨੇ ਸਾਨੂੰ। ਇਕੱਲੇ ਘਰ ਨੂੰ ਚਕ ਕਿੰਨੀ ਆਮਦਨੀ ਏ। ਢਿੱਡ ਭਰ ਕੇ ਸੂਕਦੇ ਰਹਿੰਦੇ ਨੇ ਸਾਰਾ ਦਿਨ। ਕੰਮੀਆਂ ਦੀ ਵਖ ਸ਼ਾਮਤ ਆ ਜਾਂਦੀ ਏ ਜਦੋਂ ਆ ਜਾਂਦੇ ਨੇ ਲਾਹੌਰੋਂ।"

ਹਰਚਰਨ ਸਿੰਘ ਦੇ ਨਾਟਕ-ਕਾਰ ਹੋਣ ਦਾ ਗਿਆਨ ਉਸ ਦੀਆਂ ਕਹਾਣੀਆਂ ਸੱਤਾਂ ਪਤਣਾਂ ਦਾ ਤਾਰੂ 'ਅਤੇ ਜਦੋਂ ਲੋਕੀ ਸੁਤੇ ਪਏ ਸਨ' ਵਿਚੋਂ ਮਿਲਦਾ ਹੈ। ਇਨ੍ਹਾਂ ਵਿੱਚੋਂ ਵਾਰਤਾ ਲਾਪ ਦੀ ਨਾਟਕੀ ਚੁਸਤੀ ਵੇਖਣ ਵਾਲੀ ਹੈ। ਇਸੇ ਕਰਕੇ ਇੰਝ ਪਰਤੀਤ ਹੁੰਦਾ ਹੈ ਕਿ ਇਹ ਆਪ ਹੀ ਹਰ ਗਲ ਨੂੰ ਧਿਆਨ ਗੋਚਰੇ ਕਰ ਰਿਹਾ ਹੈ।

ਰਾਜਸੀ ਆਜ਼ਾਦੀ ਆਰਥਕ ਸੁਤੰਤ੍ਰਾ ਲਿਆਣ ਤੋਂ ਅਸ-

ਝੂਲ ਰਹੀ ਹੈ, ਅਜ ਇਸ ਬਾਰੇ ਦੋ ਰਾਵਾਂ ਨਹੀਂ। ਸਮਾਜ ਦੀ ਚੱਕੀ ਦੇ ਅਨਿਆਈਂ ਆਰਥਕ ਪੁੜਾਂ ਵਿਚ ਅਜ ਵੀ ਹੇਠਲੀ ਸ਼੍ਰੇਣੀ ਹੀ ਗਾਲਾ ਬਣ ਰਹੀ ਹੈ। ਨਿਤ ਦੇ ਧਿੰਗੇ ਉਸ ਸ਼੍ਰੇਣੀ ਨੂੰ ਚੇਤੰਨ ਕਰ ਰਹੇ ਹਨ ਕਿ ਬਿਨਾ ਸੰਗਠਨ ਦੇ ਇਨ੍ਹਾਂ ਦੀ ਜੂਨ ਨਹੀਂ ਕਟੀ ਜਾਣੀ ਅਤੇ ਤ੍ਰਿੰਗੇ ਨੇ ਉਨ੍ਹਾਂ ਨੂੰ ਰੋਟੀ ਨਹੀਂ ਦਿਤੀ। ਤਾਹੀਓਂ ਕਾਲੂ ਭੰਗੀ ਵੀ ਇਹ ਅਨੁਭਵ ਕਰਦਾ ਹੈ :—

'ਇਸ ਝੰਡੇ ਨੇ ਕਈ ਰੰਗ ਬਦਲੇ ਹਨ। ਕਈ ਵਾਰ ਹਿੰਦੁਸਤਾਨ ਆਜ਼ਾਦ ਹੋਇਆ ਅਤੇ ਕਈ ਵਾਰ ਗ਼ੁਲਾਮ, ਪਰ ਸਾਡੀ ਕਿਸਮਤ ਕਦੇ ਵੀ ਨਹੀਂ ਬਦਲੀ। ਜੇ ਅਸੀਂ ਇਕ ਜਾਨ ਹੋਕੇ ਆਪਣੇ ਹੱਕਾਂ ਲਈ ਨਹੀਂ ਲੜਾਂਗੇ, ਤਾਂ ਸਾਡੀ ਹਾਲਤ ਕਦੇ ਵੀ ਬਦਲਣ ਨਹੀਂ ਲਗੀ।'' (ਜਦ ਲੋਕੀ ਸੁੱਤੇ ਪਏ ਸਨ)

ਇਸੇ ਚੇਤੰਨਤਾ ਕਾਰਨ ਤਾਂ ਲਾਲ ਕਿਲੇ ਤੇ ਤ੍ਰਿੰਗਾ ਹੁਣ ਟਾਂਗੇ ਵਾਲਿਆਂ ਨੂੰ ਵੀ ਅਮੀਰਾਂ ਵਜ਼ੀਰਾਂ ਦੀ ਆਜ਼ਾਦੀ ਦਾ ਲਹਿਰਾਂਦਾ ਝੰਡਾ ਲਗਦਾ ਹੈ, ਆਪਣੀ ਦਾ ਨਹੀਂ।

ਰਾਜਸੀ ਸੁਤੰਤ੍ਰਤਾ ਨੇ ਜਿਹੜੀ ਆਰਥਕ ਆਤੁਰਤਾ ਨੂੰ



ਅਗੇ ਕੀਤਾ ਹੈ ਅਤੇ ਲੋਕੀ ਜਿਤਨਾ ਨਿਰਾਸ਼ ਹੋ ਚੁਕੇ ਹਨ ਲੀਡਰਾਂ ਦੀਆਂ ਫੋਕੀਆਂ ਤਕਰੀਰਾਂ ਤੋਂ, ਉਸ ਦੇ ਵਰਣਨ ਦੀ ਉਤਮਤਾ ਵੇਖਣ ਵਾਲੀ ਹੈ :—

'ਜਮਾਂਦਾਰਾ ! ਪੰਡਤ ਜੀ ਦੀਆਂ ਨਿਤ ਨਵੇਂ ਸੂਝ ਤਕਰੀਰਾਂ ਹੁੰਦੀਆਂ ਨੇ, ਹਰ ਤਕਰੀਰ ਕੋਈ ਨ ਕੋਈ ਲਾਰਾ ਹੁੰਦੀ ਐ। ਪਰ ਲੋਕ ਬੜੇ ਸਿਆਣੇ ਹੋ ਗਏ ਨੇ। ਭੁਖਿਆਂ ਦਾ ਹੁਣ ਤਕਰੀਰਾਂ ਨਾਲ ਢਿਡ ਨਹੀਂ ਭਰ ਸਕਦਾ। ਇਹ ਲੀਡਰ ਸਾਡਾ ਦੁਖ ਨਹੀਂ ਮਹਸੂਸ ਕਰਦੇ।''

ਨਵਾਂ ਜਨਮ ਪੜ੍ਹ ਕੇ ਸੁਜਾਨ ਸਿੰਘ ਦੀ ਕਹਾਣੀ ਸਵਰਗ ਦੀ ਝਲਕ (ਸਭ ਰੰਗ) ਦੀ ਯਾਦ ਤਾਜ਼ਾ ਹੋ ਜਾਂਦੀ ਹੈ।

ਪੰਜਾਬੀ ਸਾਹਿਤ ਵਿਚ ਹਰਚਰਨ ਸਿੰਘ ਦੀ ਥਾਂ ਭਾਵੇਂ ਨਾਟਕ-ਕਾਰ ਹੋਣ ਕਾਰਨ ਹੈ, ਪਰ ਉਸ ਵਿਚ ਇਕ ਚੰਗਾ ਕਹਾਣੀ ਲੇਖਕ ਬਣਨ ਦੇ ਸਾਰੇ ਗੁਣ ਮੌਜੂਦ ਹਨ। ਅਤੇ 'ਨਵੀਂ ਸਵੇਰ' ਕਹਾਣੀ ਉਸ ਦੀ ਇਸ ਗਲ ਦੀ ਸਾਖੀ ਭਰਦੀ ਹੈ।

ਨਵੀਂ ਦਿਲੀ
੯ ਮਾਰਚ ੧੯੫੫

ਗੁਰਮੁਖ ਸਿੰਘ ਜੀਤ

# ਨਵੀਂ
# ਸਵੇਰ

੧

# ਨਵੀਂ ਸਵੇਰ

ਸ਼ਾਮ ਸਿੰਘ ਅਜ ਤੀਜੇ ਦਿਨ ਘਰ ਮੁੜਿਆ ਸੀ। ਉਸ ਦਾ ਰੰਗ ਢੰਗ ਅਤੇ ਹਰਕਤਾਂ ਜੀਣੀ ਨੂੰ ਕੁਝ ਓਪਰੀਆਂ ਓਪਰੀਆਂ ਮਲੂਮ ਹੋਈਆਂ। ਬੋਲਦਾ ਤਾਂ ਭਾਵੇਂ ਉਹ ਆਦਤ ਅਨੁਸਾਰ ਪਹਿਲਾਂ ਤੋਂ ਹੀ ਬੜਾ ਘਟ ਸੀ, ਪਰ ਅਜ ਦੀ ਗੰਭੀਰਤਾ ਤਾਂ ਕੁਝ ਵਖਰੀ ਹੀ ਕਿਸਮ ਦੀ ਸੀ। ਜੀਣੀ ਉਸ ਦੇ ਚਿਹਰੇ ਵਲ ਦੇਖ ਕੇ ਚਿੰਤਾਤੁਰ ਹੋ ਗਈ। ਉਹ ਆਪਣੇ ਪਤੀ ਨੂੰ ਐਨੇ ਦਿਨ ਬਾਹਰ ਰਹਿਣ ਦਾ ਕਾਰਨ ਪੁੱਛਣ ਲਈ ਦਿਲੋਂ ਬੜੀ ਉਤਾਵਲੀ ਸੀ, ਪਰ ਸ਼ਾਮ ਸਿੰਘ ਵਲੋਂ ਪਹਿਲੋਂ ਗੱਲ ਤੋਰਨ ਦੀ ਉਡੀਕ ਵਿਚ ਚੁਪ ਰਹੀ, ਕਿਉਂਕਿ ਸ਼ਾਮ ਸਿੰਘ ਉਸ ਦਿਨ ਜੀਣੀ ਨਾਲ ਘਰੋਂ ਲੜ ਕੇ ਗਿਆ ਸੀ। ਉਸ ਨੂੰ ਹੁਣ ਪਹਿਲੋਂ ਬਲਾਉਣਾ ਜੀਣੀ ਦੀ ਹਾਰ ਸੀ। ਸ਼ਾਮ ਸਿੰਘ ਵੀ ਅਜ ਉਹ ਸ਼ਾਮ ਸਿੰਘ ਨਹੀਂ ਸੀ, ਜੋ ਜੀਣੀ ਨੂੰ ਸਦਾ ਤਰਲੇ ਮਿੰਨਤਾਂ ਨਾਲ ਮਨਾਉਂਦਾ ਹੁੰਦਾ ਸੀ।

ਸ਼ਾਮ ਸਿੰਘ ਨੇ ਵਿਹੜੇ ਵਿਚ ਖਲੋ ਕੇ ਆਪਣੇ ਕੱਚੇ ਕੋਠੇ ਤੇ ਡੰਗਰਾਂ ਵਾਲੇ ਅੰਦਰ ਵਲ ਬੜੀ ਗੰਭੀਰਤਾ ਨਾਲ ਤਕਿਆ । ਫੇਰ ਇਕ ਦਮ ਉਹ ਬੂਹੇ ਤੋਂ ਬਾਹਰ ਹੋ ਗਿਆ । ਘਰੋਂ ਨਿਕਲ ਕੇ ਉਹ ਸਿੱਧਾ ਆਪਣੇ ਖੇਤਾਂ ਨੂੰ ਗਿਆ । ਕਣਕ ਦੇ ਖੇਤ ਦੇ ਬੰਨੇ ਤੇ ਖੜੇ ਕੇ ਉਸ ਨੇ ਅੱਧ-ਪੱਕੀ ਕਣਕ ਦੀਆਂ ਪੈਲੀਆਂ ਵਲ ਨਜ਼ਰ ਮਾਰੀ । ਕਿਸੇ ਦ੍ਰਿੜ ਇਰਾਦੇ ਦੇ ਆਸਾਰ ਉਸ ਦੇ ਚਿਹਰੇ ਤੇ ਆਏ । ਇਕ ਦਮ ਉਹ ਖੂਹ ਵਲ ਨੂੰ ਹੋ ਤੁਰਿਆ ।

ਰੁਲਦੂ ਚਮਾਰ ਉੱਚੀ ਪੈਲੀ ਵਾਲੇ ਖੇਡ ਦੀ ਖਾਲ ਵਿਚੋਂ ਘਾਹ ਖੋਤ ਰਿਹਾ ਸੀ । ਉਸ ਨੇ ਡਰਦੇ ਹੋਏ ਨੇ ਸ਼ਾਮ ਸਿੰਘ ਨੂੰ ਤਰਲੇ ਭਰੀ ਆਵਾਜ਼ ਵਿਚ ਕਿਹਾ–

'ਰੱਜਿਆ ਰਹੁ ਚੌਧਰੀ ! ਆਹ ਮੁਠ ਘਾਹ ਦੀ ਲੈਣ ਆਇਆ ਤਾ ਬੱਛੀ ਲਈ ਹੀ ਹੀ......'

'ਜਿੰਨਾ ਮਰਜੀ ਆ ਖੋਤ ਲਾ ਰੁਲਦੂ ।'

ਸ਼ਾਮ ਸਿੰਘ ਦੀ ਇਹ ਉਦਾਰ ਦਿਲੀ ਦੇਖ ਕੇ ਰੁਲਦੂ ਦਾ ਖੁਰਪਾ ਤੇਜ਼ੀ ਨਾਲ ਕੰਮ ਕਰਨ ਲਗ ਪਿਆ । ਪਰ ਡਰੇ ਹੋਏ ਰੁਲਦੂ ਨੂੰ ਸ਼ਾਮ ਸਿੰਘ ਦੇ ਇਸ ਜਵਾਬ ਤੋਂ ਹੈਰਾਨੀ ਜ਼ਰੂਰ ਹੋਈ, ਕਿਉਂਕਿ ਅਜੇ ਥੋੜ੍ਹੇ ਹੀ ਦਿਨ ਪਹਿਲੋਂ ਰੁਲਦੂ ਨੇ ਉਸ ਤੋਂ ਇਸੇ ਦੋਸ਼ ਬਦਲੇ ਕੁਟ ਖਾਧੀ ਸੀ । ਇਸ ਹੈਰਾਨੀ ਵਿਚ ਰੁਲਦੂ ਨੇ ਦੋ ਤਿੰਨ ਵਾਰ ਸ਼ਾਮ ਸਿੰਘ ਦੇ ਗੰਭੀਰ ਚਿਹਰੇ ਵਲ ਮੂੰਹ ਚੁਕ ਚੁਕ ਕੇ ਦੇਖਿਆ ।



ਬਿਸ਼ਨਾ ਝੀਊਰ ਤਾਂਗੇ ਵਾਲਾ ਬਰਸੀਨ ਦੀ ਪੰਡ ਸਿਰ ਤੇ ਰੱਖੀ ਸਿੱਧਾ ਸ਼ਾਮ ਸਿੰਘ ਵਲ ਨੂੰ ਆ ਰਿਹਾ ਸੀ । ਸ਼ਾਮ ਸਿੰਘ ਜਾਣ ਬੁਝ ਕੇ ਦੂਜੇ ਪਾਸੇ ਨੂੰ ਮੁੜ ਗਿਆ । ਬਿਸ਼ਨੇ ਨੇ ਪਿਛੋਂ ਆਵਾਜ਼ ਮਾਰੀ–

'ਸਰਦਾਰਾ, ਐਸ ਖੇਤ ਨੂੰ ਪਾਣੀ ਨੀ ਦਿੱਤਾ, ਕਣਕ ਬੜੀ ਮਾੜੀ ਆ ।'

'ਬਿਸ਼ਨਿਆਂ, ਬੈਲਦਾਂ ਨੇ ਤਾਂ ਦੂਜੇ ਖੇਤ ਮਸੀਂ ਭਰੇ ਆ ।'

'ਸਰਦਾਰਾ, ਸੁਖ ਤਾਂ ਹੈ, ਬੜਾ ਚੁਪ ਚੁਪੀਤਾ ਫਿਰਦੈਂ ?'

'ਗਲ ਤਾਂ ਕੁਛ ਨਹੀਂ ਬਿਸ਼ਨਿਆਂ ।'

ਸ਼ਾਮ ਸਿੰਘ ਅਜੇ ਦਸ ਪੰਦਰਾਂ ਕਦਮ ਹੀ ਖੂਹ ਵਲ ਗਿਆ ਸੀ ਕਿ ਪਿੰਡ ਵਲੋਂ ਉਸ ਦਾ ਨਿੱਕਾ ਮੁੰਡਾ ਆਵਾਜ਼ਾਂ ਮਾਰਦਾ ਨੱਸਾ ਆਇਆ ।

'ਬਾਪੂ ! ਬਾਪੂ ! ਤੂੰ ਬੋਲਦਾ ਨੀ ?'

ਬੋਲਦਾ ਕਿਉਂ ਨਹੀਂ ਪੁਤ ! ਅਜ ਤਾਂ ਮੈਂ ਸਮਾਂ ਬਹੁਤ ਬੋਲ ਰਿਹਾਂ ।'

ਇਹ ਕਹਿੰਦੇ ਹੋਏ ਸ਼ਾਮ ਸਿੰਘ ਉੱਚੀ ਉੱਚੀ ਹੱਸਣ ਲਗ ਪਿਆ ਅਤੇ ਹਸਦੇ ਹਸਦੇ ਨੇ ਹੀ ਮੁੰਡੇ ਨੂੰ ਚੁਕ ਕੇ ਚੁੰਮਿਆ ।

'ਬਾਪੂ, ਮਾਂ ਕਹਿੰਦੀ ਆ, ਵੱਡਾ ਬਾਪੂ ਗੁੱਸੇ ਆ ।'

ਮੈਂ ਤੈਨੂੰ ਗੁੱਸੇ ਦਿਸਦਾਂ, ਮੈਂ ਤਾਂ ਬਹੁਤ ਖੁਸ਼ ਆਂ, ਹਾ–ਹਾ–ਹਾ । ਸ਼ਾਮ ਸਿੰਘ ਦੇ ਉੱਚੀ ਉੱਚੀ ਹੱਸਣ ਨਾਲ

ਭੋਲੇ ਬਚੇ ਨੂੰ ਯਕੀਨ ਹੋ ਗਿਆ ਕਿ ਉਸ ਦਾ ਬਾਪੂ ਅਜ ਬਹੁਤ ਖੁਸ਼ ਹੈ।

'ਬਾਪੂ, ਚਲ ਫੇਰ ਰੋਟੀ ਖਾ।'

ਪਿੰਡ ਤਕ ਕੁੱਛੜ ਚੁਕਿਆ ਹੋਇਆ ਮੁੰਡਾ ਸਵਾਲ ਤੇ ਸਵਾਲ ਕਰਦਾ ਰਿਹਾ, ਪਰ ਸ਼ਾਮ ਸਿੰਘ ਵੀ ਹੂੰ ਹਾਂ ਕਰਕੇ ਟਾਲਦਾ ਗਿਆ। ਪਿੰਡ ਕੋਲ ਜਾ ਕੇ ਮੁੰਡਾ ਸੌਂ ਗਿਆ।

ਜੀਣੀ ਜਿਹੜੀ ਬੜੀ ਬੇਚੈਨੀ ਨਾਲ ਬਾਹਰਲੇ ਦਰਵਾਜ਼ੇ ਵਿਚ ਖੜੀ ਉਸ ਦੀ ਉਡੀਕ ਕਰ ਰਹੀ ਸੀ, ਸ਼ਾਮ ਸਿੰਘ ਨੂੰ ਆਉਂਦਾ ਦੇਖ ਕੇ ਝਟ ਪਟ ਚੌਂਕੇ ਵਿਚ ਗੰਭੀਰ ਹੋ ਕੇ ਬੈਠ ਗਈ। ਸ਼ਾਮ ਸਿੰਘ ਵੀ ਮੁੰਡੇ ਨੂੰ ਅੰਦਰ ਮੰਜੇ ਤੇ ਪਾ ਕੇ ਚੁਪ ਚਾਪ ਪੀੜ੍ਹੀ ਤੇ ਆ ਬੈਠਾ ਅਤੇ ਛੰਨੇ ਵਿਚ ਹੱਥ ਧੋ ਕੇ ਰੋਟੀ ਖਾਣ ਲਗ ਪਿਆ। ਜੀਣੀ ਨੂੰ ਯਕੀਨ ਸੀ ਕਿ ਉਹ ਉਸ ਨੂੰ ਜ਼ਰੂਰ ਬੁਲਾਏਗਾ ਪਰ ਸ਼ਾਮ ਸਿੰਘ ਨੇ ਨਾ ਬੁਲਾਇਆ। ਉਹ ਰੋਟੀ ਖਾਣ ਪਿਛੋਂ ਪਸ਼ੂਆਂ ਨੂੰ ਪੱਠੇ ਦੱਥੇ ਪਾਉਣ ਲਗ ਪਿਆ।

ਫੱਗਣ ਦਾ ਮਹੀਨਾ ਸੀ, ਅਜੇ ਲੋਕੀਂ ਅੰਦਰ ਹੀ ਸੌਂਦੇ ਸਨ। ਜੀਣੀ ਨੇ ਨਿਆਣਿਆਂ ਦੇ ਬਿਸਤਰੇ ਅਜ ਕੁਝ ਛੇਤੀ ਹੀ ਵਿਛਾ ਕੇ ਉਨ੍ਹਾਂ ਨੂੰ ਸੁਆ ਦਿੱਤਾ। ਜਦੋਂ ਸ਼ਾਮ ਸਿੰਘ ਚੁਪ ਚਾਪ ਕੋਠੇ ਅੰਦਰ ਵੜਿਆ ਤਾਂ ਜੀਣੀ ਨੇ ਉਸ ਨੂੰ ਬਾਹੋਂ ਫੜ ਕੇ ਮੰਜੇ ਤੇ ਬਹਾ ਲਿਆ। ਵੱਡੀ ਕੁੜੀ, ਜੋ ਅਜੇ ਜਾਗਦੀ ਸੀ, ਮਾਂ ਪਿਉ ਦੀ ਇਸ ਖਿੱਚਾ ਖਿੱਚੀ ਨੂੰ ਦੇਖ ਕੇ ਰਜਾਈ ਵਿਚ ਮੂੰਹ ਦੇ ਕੇ ਪੈ ਗਈ।

'ਜਦ ਦਾ ਸ਼ਹਿਰੋਂ ਆਇਐਂ ਬੋਲਦਾ ਨੀ। ਕੋਈ ਖੁਨਾਮੀ ਹੋ ਗਈ ?'



'ਖੁਨਾਮੀ ਜੀਣੀਏ ਤੇਥੋਂ ਕੀ ਹੋਣੀ ਸੀ।'

'ਫੇਰ ਬੋਲਦਾ ਕਿਉਂ ਨੀ ?'

'ਬਸ ਐਮੇਂ।'

ਭਾਮੇ ਦਸ ਨਾ ਦਸ, ਗੱਲ ਜਰੂਰ ਹੈਗੀ ਤੇਰੇ ਢਿੱਡ 'ਚ ਕੋਈ।'

'ਜੀਣੀਏ, ਕੀ ਦੱਸਾਂ ! ਅਸੀਂ ਫੇਰ ਬੇਘਰੇ ਹੋ ਗਏ।'

'ਬਸ ਇਸੇ ਗਲੋਂ ਮੂੰਹ ਬੱਟੀ ਫਿਰਦੈਂ। ਦੋ ਸਾਲ ਹੋਏ ਇਹ ਰੂਲੇ ਉਡਦਿਆਂ ਨੂੰ।'

'ਐਤਕੀਂ ਨੀ ਰੂਲਾ, ਮੈਨੂੰ ਤਸੀਲੋਂ ਸਭ ਕੁਛ ਪਤਾ ਲਗ ਗਿਆ। ਜ਼ਮੀਨ ਦੀਆਂ ਪੱਕੀਆਂ ਲਾਟਾਂ ਹੋ ਗਈਆਂ।'

'ਤੇ ਫੇਰ ਸਾਨੂੰ ਨਾ ਮਿਲੂ ?'

'ਸਾਨੂੰ ਜ਼ਮੀਨ ਕਿਨ ਦੇਣੀ ਆਂ। ਉਨ੍ਹਾਂ ਨੂੰ ਮਿਲ ਗਈ, ਜਿਨ੍ਹਾਂ ਦੀਆਂ ਉਧਰ ਰਹਿਗੀਆਂ।'

'ਤੇ ਅਸੀਂ ਕਿਧਰ ਜਾਮਾਂ ਗੇ।

'ਢੱਠੇ ਖੂਹ 'ਚ।'

'ਤੂੰ ਬਹੁਤਾ ਗਮ ਨਾ ਕਰਿਆ ਕਰ, ਜਿਸ ਸਰਕਾਰ ਨੇ ਸਾਨੂੰ ਬਲਦੀ ਦੇ ਮੂੰਹੋਂ ਕਢ ਕੇ ਲਿਆਂਦਾ, ਹੁਣ ਨਾ ਸਾਡਾ ਕੋਈ ਚਾਰਾ ਕਰੂ ?'

ਭੋਲੀ ਜੀਣੀ ਨੂੰ ਰੱਬ ਅਤੇ ਸਰਕਾਰ ਵਿਚ ਕੋਈ ਭਿੰਨ ਭੇਦ ਨਹੀਂ ਸੀ। ਲਾਇਲਪੁਰ ਦੇ ਜ਼ਿਲੇ ਵਿਚੋਂ ਬੱਚ ਕੇ ਨਿਕਲਣ ਨੂੰ ਉਹ ਰਬ ਅਥਵਾ ਸਰਕਾਰ ਦੀ ਹੀ ਮਿਹਰਬਾਨੀ ਖਿਆਲ ਕਰਦੀ ਸੀ। ਹਾਲਾਂਕਿ ਉਹ ਦੋ ਮਹੀਨਿਆਂ ਪਿਛੋਂ ਬੜੀ ਹੀ ਭੈੜੀ ਹਾਲਤ ਵਿਚ ਪੁਜੇ ਸਨ। ਜੀਣੀ ਇਹ ਵੀ

ਮੰਨਦੀ ਸੀ ਕਿ ਪੰਜਾਂ ਧੀਆਂ ਪੁਤਾਂ ਨੂੰ ਜੰਮਣ ਵਿਚ ਉਸ ਨੂੰ ਇੱਨਾ ਕਸ਼ਟ ਨਹੀਂ ਸੀ ਝਲਣਾ ਪਿਆ, ਜਿੰਨਾ ਇਸ ਬਿਪਤਾ ਵਿਚ ਹੋਇਆ ਸੀ । ਫੇਰ ਵੀ ਉਹ ਦਿਨ ਰਾਤ ਸਰਕਾਰ ਦੇ ਗੁਣ ਗੌਂਦੀ ਨਹੀਂ ਸੀ ਥਕਦੀ ।

ਪਰ ਸ਼ਾਮ ਸਿੰਘ ਦੋ ਦਿਨ ਕਿਸਾਨ ਕਾਨਫਰੰਸ ਹੁਸ਼ਿਆਰ ਪੁਰ ਵਿਚ ਲੀਡਰਾਂ ਦੇ ਲੈਕਚਰ ਸੁਣ ਆਇਆ ਸੀ । ਇਹ ਗਲ ਉਸ ਦੇ ਅੰਦਰ ਘਰ ਕਰ ਚੁਕੀ ਸੀ ਕਿ ਸਾਡੀ ਸਰਕਾਰ ਸਰਮਾਏਦਾਰਾਂ ਦੀ ਸੂਕਾਰ ਹੈ। ਇਹ ਵਡੇ ਵਡੇ ਸੂਦਾਰਾਂ ਤੇ ਜਾਗੀਰਦਾਰਾਂ ਨੂੰ ਫਾਇਦੇ ਪੁਚਾਉਂਦੀ ਹੈ, ਗਰੀਬ ਮੁਜਾਰੇ ਤੇ ਕਾਮਿਆਂ ਦਾ ਇਸ ਨੂੰ ਕੋਈ ਫ਼ਿਕਰ ਨਹੀਂ ।

ਮਾਲਕਾਂ ਨੂੰ ਜ਼ਮੀਨਾਂ ਦੀਆਂ ਪੱਕੀਆਂ ਅਲਾਟਾਂ ਦੀ ਖਬਰ ਨੇ ਉਸ ਦਾ ਆਪਣੀ ਸਰਕਾਰ ਬਾਰੇ ਬਣਿਆ ਇਹ ਖਿਆਲ ਹੋਰ ਵੀ ਪੱਕਾ ਕਰ ਦਿਤਾ ਸੀ। ਤਸੀਲੋਂ ਇਸ ਗੱਲ ਦੇ ਪਤਾ ਲਗਣ ਤੇ ਕਿ ਉਸ ਦੀ ਦਸ ਏਕੜ ਜ਼ਮੀਨ ਵੀ ਖੋਹ ਕੇ ਕਿਸੇ ਮਾਲਕ ਨੂੰ ਪੱਕੀ ਤਰ੍ਹਾਂ ਦਿੱਤੀ ਗਈ ਹੈ, ਸ਼ਾਮ ਸਿੰਘ ਲੋਹਾ ਲਾਖਾ ਹੋਇਆ ਫਿਰਦਾ ਸੀ । ਉਸ ਦੀਆਂ ਅੱਖਾਂ ਵਿਚ ਖੂਨ ਉਤਰਿਆ ਹੋਇਆ ਸੀ। ਉਸ ਦੇ ਚਿਹਰੇ ਵਲ ਦੇਖ ਕੇ ਜੀਣੀ ਬੋਲੀ—

'ਤੂੰ ਦਿਲ ਨਾ ਢਾ, ਸਰਕਾਰ ਤੇ ਡੋਰੀ ਰਖ, ਸਭ ਕੁਛ ਠੀਕ ਹੋ ਜਾਊ ।'

'ਸਾਲੀ ਸਰਕਾਰ ਦੀ, ਤੈਨੂੰ ਕਿਆ ਪਤਾ ਇਨ੍ਹਾਂ ਗੱਲਾਂ ਦਾ । ਆ ਹਾੜ੍ਹੀ ਚੁਕਦੇ ਸਾਰ ਸਾਡੀ ਜ਼ਮੀਨ ਦਾ ਕਬਜ਼ਾ ਲੈਣ ਆ ਜਾਣਾ ਅਗਲਿਆਂ ।'

'ਤੇ ਸਾਨੂੰ ਕਿਤੇ ਹੋਰ ਥਾਂ ਦੇਣਗੇ ?

ਜੇਹੜੇ ਉਧਰ ਮੁਜਾਰੇ ਸੀ, ਉਨ੍ਹਾਂ ਨੂੰ ਕਿਧਰੇ ਨੀ ਮਿਲਣੀ । ਮੈਂ ਅਜ ਦਸ ਦਿੰਨਾ, ਜਿਦਣ ਕੋਈ ਦਖਲ ਲੈਣ ਆਇਆ, ਮੈਂ ਉਹਦਾ ਸਿਰ ਪਾੜ ਕੇ ਆਪ ਮਰ ਜਾਣਾ ।'

ਕੋਈ ਚਜ ਦੀ ਗੱਲ ਕਰ । ਪਹਿਲਾਂ ਸਾਡਾ ਗਲ੍ਹਾ ਘੁਟ ਦੇਈਂ ਸਾਰਿਆਂ ਦਾ ।

'ਤੈਨੂੰ ਕਾਹਦਾ ਫ਼ਿਕਰ ਐ, ਤੇਰੀ ਮਦਦ ਲਈ ਸਰਕਾਰ ਜੂ ਆਂ ।

'ਦਾਦੇ ਹਗਾਵੇ ਸਰਕਾਰ, ਕਿਆ ਗੱਲਾਂ ਕਰਦਾ ਰਹਿੰਦਾ । ਜੇ ਕਬਜਾ ਦੁਆਉਣ ਲਈ ਪੁਲਸ ਤੇ ਮਲੱਟਰੀ ਆ ਗਈ ਫੇਰ ਤੂੰ ਕਿਆ ਕਰੇਂਗਾ ?

ਮਿਲਟਰੀ ਤੇ ਪੁਲੀਸ ਦਾ ਖਿਆਲ ਆਉਂਦੇ ਸਾਰ ਸ਼ਾਮ ਸਿੰਘ ਚੁਪ ਹੋ ਗਿਆ । ਗੜ ਬੜ ਦੇ ਦਿਨਾਂ ਵਿਚ ਉਸਨੇ ਮਿਲਟਰੀ ਦੀ ਤਾਕਤ ਨੂੰ ਚੰਗੀ ਤਰ੍ਹਾਂ ਦੇਖ ਲਿਆ ਸੀ । ਜਿਥੇ ਕਿਸੇ ਚਕ ਵਿਚ ਇਕ ਡੋਗਰਾ ਫੌਜੀ ਵੀ ਚਲਾ ਗਿਆ ਸੀ, ਸਾਰੇ ਪਿੰਡ ਨੂੰ ਅਡੋਲ ਕਢ ਲਿਆਇਆ ਸੀ । ਪੁਲੀਸ ਦੀਆਂ ਵਧੀਕੀਆਂ ਦਾ ਡਰ ਤਾਂ ਉਸ ਉਤੇ ਪਹਿਲੋਂ ਹੀ ਬਥੇਰਾ ਬੈਠਾ ਹੋਇਆ ਸੀ । ਪਿਛੇ ਜਹੇ ਜਦੋਂ ਪਿੰਡ ਦੇ ਦੋ ਮੁੰਡਿਆਂ ਨੇ ਚਮਾਰਾਂ ਦੀ ਕੁੜੀ ਕਢ ਲਈ ਸੀ ਅਤੇ ਉਹ ਦੱਸਣ ਵਿਚ ਨਹੀਂ ਸਨ ਆਉਂਦੇ ਤਾਂ ਪੁਲੀਸ ਨੇ ਉਨ੍ਹਾਂ ਦਾ ਕੁਟਾਪਾ ਕੀਤਾ ਸੀ ਕਿ ਸਾਰਾ ਪਿੰਡ ਥਰ ਥਰ ਕੰਬ ਉਠਿਆ ਸੀ । ਹਰ ਇਕ ਨੂੰ ਆਪੋ ਆਪਣੀ ਫਿਕਰ ਪੈ ਗਈ ਸੀ । ਉਸ ਕੁੜੀ ਦੇ ਪਿਉ ਨੂੰ ਸ਼ਾਮ ਸਿੰਘ ਨੇ ਗੰਨੇ ਭੰਨਦੇ ਨੂੰ ਮਾਰਿਆ ਸੀ। ਇਸ ਕਰਕੇ ਉਹ ਵਧੇਰੇ

ਹੀ ਡਰਿਆ ਹੋਇਆ ਸੀ। ਜਿੰਨੇ ਦਿਨ ਪਿੰਡ ਵਿਚ ਠਾ
ਰਿਹਾ, ਸ਼ਾਮ ਸਿੰਘ ਕਿਸੇ ਨਾ ਕਿਸੇ ਬਹਾਨੇ ਪਿੰਡ ਤੋਂ ਖਿਸਕਿ
ਰਿਹਾ ।

'ਫਿਕਰ ਕਰਿਆਂ ਹੁਣ ਕਿਆ ਬਣਦਾ, ਅਸੀਂ ਕਿਸੇ ਦ
ਬਟਾਈ ਕਰ ਲਵਾਂਗੇ', ਕੁਝ ਚਿਰ ਚੁਪ ਰਹਿਣ ਪਿਛੋਂ ਜੀਟ
ਫੇਰ ਬੋਲੀ।

'ਬਟਾਈ ਦੀਏ ਲਗਦੀਏ, ਹੋਰ ਮੇਰੇ ਮੂੰਹੋਂ ਲੈਂ
ਦੇਂ, ਇਹ ਕੋਈ ਬਾਰ ਐ, ਇਥੇ ਤਾਂ ਪੰਜਾਹ ਘੁਮਾ ਢਾ
ਮਾਲਕ ਦਾ ਆਪਣਾ ਗੁਜ਼ਾਰਾ ਨੀ ਹੁੰਦਾ। ਖੂਹਾਂ ਦੇ ਪਾਣੀ ਨਾ
ਕੋਈ ਕਿੰਨੀ ਕੁ ਜਾਨ ਮਾਰੀ ਕਰ ਲਊ। ਨਾਲੇ ਏਥੇ ਕੇਹ
ਮਾਲਕਾਂ ਨੇ ਸਾਨੂੰ ਕੋਠੇ ਦੇ ਦੇਣੇ ਆਂ।

ਹਾਏ ! ਤੇ ਇਹ ਕੋਠੇ ਵੀ ਸਾਥੋਂ ਖੋਹ ਲੈਣਗੇ ?'

'ਤੇ ਹੋਰ ਨਹੀਂ। ਜਿਨ੍ਹਾਂ ਮਾਲਕਾਂ ਨੇ ਜ਼ਮੀ
ਲੈਣੀ ਆਂ, ਕੋਠੇ ਵੀ ਆਖਰ ਉਨ੍ਹਾਂ ਸਾਂਭਣੇ ਆਂ।

ਫਿਟੇ ਮੂੰਹ ਐਹੋ ਜਹੀ......।'

'ਸਰਕਾਰ' ਸ਼ਬਦ ਜੀਣੀ ਦੇ ਮੂੰਹੋਂ ਨਾ ਨਿਕਲਿਆ
ਭਾਵੇਂ ਸ਼ਾਮ ਸਿੰਘ ਦੀਆਂ ਗੱਲਾਂ ਸੁਣ ਕੇ ਉਸ ਦਾ ਸਰਕਾ
ਤੇ ਨਿਸਚਾ ਢਿੱਲਾ ਹੋ ਚੁਕਾ ਸੀ। ਜੀਣੀ ਵੀ ਹੁਣ ਸੋਚ
ਵਿਚ ਡੁਬ ਗਈ। ਕੁਝ ਦੇਰ ਫੇਰ ਦੋਵੇਂ ਚੁਪ ਰਹੇ। ਜੀਣ
ਨੂੰ ਜਿਵੇਂ ਆਸ ਦੀ ਕੋਈ ਕੰਨੀ ਦਿਸੀ ਹੁੰਦੀ ਹੈ, ਝਟ ਬੋਲੀ–

'ਤੇ ਅਸੀਂ ਉਸ ਮਾਲਕ ਦੇ ਮੁਜਾਰੇ ਬਣ ਜਾਂ
ਜਿਹਨੂੰ ਇਹ ਜ਼ਮੀਨ ਮਿਲੂ।'



'ਮੈਂ ਉਹਨੂੰ ਭੀ ਮਿਲ ਆਇਆਂ। ਸ਼ਹਿਰ ਬੈਠਾ
ਅਜ ਕਲ। ਉਹੋ ਐ ਜੇਹੜਾ ਪਿਛੇ ਜਹੇ ਇਕ ਦਿਨ ਘੋੜੀ
ਤੇ ਆਇਆ ਸੀ।'

'ਹਲਾ !'

'ਮੈਨੂੰ ਤਾਂ ਉਧਣ ਈ ਖੁੜਕ ਗਈ ਸੀ। ਦੋ ਮੈਂ
ਏਕੜ ਮਿਲੀ ਆ ਉਹਨੂੰ ਇਸ ਪਿੰਡ 'ਚ।'

'ਇਕੋ ਘਰ ਨੂੰ!' ਜੀਣੀ ਹੈਰਾਨੀ ਤੇ ਗੁਸੇ ਵਿਚ ਬੋਲੀ।
'ਆਹੋ ! ਉਹ ਕਹਿੰਦਾ ਮੇਰੇ ਆਪਣੇ ਮੁਜਾਰੇ ਆ ਜੇਹੜੇ ਪਿਛੋਂ
ਮੇਰੇ ਨਾਲ ਆਏ ਆ ਸਾਰਾ ਸਮਾਨ ਲੈਕੇ। ਮੈਨੂੰ ਉਲਟਾ
ਕਹਿਣ ਲੱਗਾ ਇਕ ਕੋਠਾ ਮੈਨੂੰ ਹੁਣੇ ਖਾਲੀ ਕਰ ਦੇ, ਮੈਂ
ਆਪਣਾ ਸਮਾਨ ਰਖ ਲਮਾਂ।'

ਇਹ ਗੱਲ ਸੁਣ ਕੇ ਜੀਣੀ ਦੀ ਰਹਿੰਦੀ ਖੂੰਹਦੀ ਆਸ ਵੀ
ਢਹਿ ਢੇਰੀ ਹੋ ਗਈ। ਬੜੀ ਬੇਚੈਨੀ ਨਾਲ ਉਹ ਸੁੱਤੇ ਪਿਆਂ
ਬਚਿਆਂ ਵਲ ਦੇਖਣ ਲਗ ਪਈ। ਫੇਰ ਅੱਖਾਂ ਭਰਕੇ ਬੋਲੀ–

'ਐ ਮੇਰੇ ਨਿਆਣੇ ਕਿਥੇ ਰੁਲਣਗੇ ?'

'ਕਿਤੇ ਮਾਰਾਂਗੇ ਹੀ ਟੱਕਰ।' ਜੀਣੀ ਨੂੰ ਹੌਸਲਾ ਦੇਣ
ਲਈ ਸ਼ਾਮ ਸਿੰਘ ਬੋਲਿਆ। 'ਸਾਡੇ ਅਰਗੇ ਹੋਰ ਬਥੇਰੇ ਆ
ਮੁਜਾਰੇ ਇਸ ਅਲਾਕੇ 'ਚ। ਸਾਰਿਆਂ ਨੇ ਪਰਸੋਂ ਨੂੰ ਰਲ ਕੇ
ਹੁਸ਼ਿਆਰ ਪੁਰ ਜਾਣਾ। ਉਥੋਂ ਮੁਜਾਰਿਆਂ ਦੇ ਜਲੂਸ ਬਣ ਕੇ
ਨਿਕਲਦੇ ਆ ਰੋਜ।'

'ਸਰਕਾਰ ਦੇ ਖ਼ਲਾਫ !'

'ਤੇ ਹੁਣ ਸਰਕਾਰ ਸਾਡੀ ਸਾਲੀ ਲਗਦੀ ਆ।'

'ਹਾਏ ਮੈਂ ਮਰ ਜਾਂ, ਜੇ ਉਨ੍ਹਾਂ ਫੜ ਕੇ ਤੁਹਾਨੂੰ ਜੇਲ੍ਹ 'ਚ ਡਕ ਦਿਤਾ ?'

'ਇਹ ਕੁਝ ਤਾਂ ਰੋਜ਼ ਹੁੰਦਾ ਈ ਏ ।'

'ਮੈਂ ਨਹੀਂ ਫੇਰ ਜਾਣ ਦੇਣਾ ਤੈਨੂੰ ਘਰੋਂ ।'

'ਅਗੇ ਸੈਂਕੜੇ ਸਾਡੇ ਭਰਾ ਜੇਲ੍ਹ ਵਿਚ ਜਾ ਚੁੱਕੇ ਆ । ਇਹ ਤੋਂ ਬਿਨਾਂ ਹੋਰ ਹੁਣ ਕੋਈ ਚਾਰਾ ਨਹੀਂ ।'

'ਅਗੇ ਥੋੜ੍ਹਾ ਉਜੜ ਪੁਜੜ ਕੇ ਆਏ ਸੀ—ਕਿਉਂ ਸਾਨੂੰ ਦੁਖੀ ਕਰਦੀ ਆ ਸਰਕਾਰ !'

'ਮੈਂ ਜੂ ਤੈਨੂੰ ਆਖਿਆ ਇਹ ਸਰਕਾਰ ਮਾਲਕਾਂ ਦੀ ਆ, ਸਰਮਾਏਦਾਰਾਂ ਦੀ ਆ ।'

'ਫੇਰ ਏਹੋ ਜਹੀ ਚੰਦਰੀ ਸਰਕਾਰ ਨੂੰ ਬਦਲਦੇ ਕਿਉਂ ਨਹੀਂ ?'

'ਬਦਲਨ ਲਈ ਹੀ ਤਾਂ ਜੇਲ੍ਹ ਵਿਚ ਜਾਂਦੇ ਆ ਮੁਜਾਰੇ ।' 'ਫੇਰ ਬੇਸ਼ੱਕ ਚਲੇ ਜਾਈਂ । ਅਸੀਂ ਆਪੇ ਔਖੇ ਸੌਖੇ ਗੁਜ਼ਾਰਾ ਕਰ ਲਾਂਗੇ । ਕਿਸੇ ਘੋਲੇ 'ਚ ਚਾਰ ਦਿਨ ਕਟ ਲਵਾਂਗੇ । ਪਰ ਕਿਤੇ ਹੋਰ ਸਰਕਾਰ ਵੀ ਨਾ ਐਹੋ ਜਿਹੀ ਹੋਵੇ ।

'ਨਹੀਂ, ਇਹ ਨਹੀਂ ਹੋ ਸਕਦਾ, ਲੈਕਚਰ 'ਚ ਕਹਿੰਦੇ ਸੀ, ਨਵੀਂ ਸਰਕਾਰ ਕਾਮਿਆਂ ਮੁਜਾਰਿਆਂ ਦੀ ਆਪਣੀ ਹੋਵੇਗੀ ।'

ਇਸ ਖਿਆਲ ਨਾਲ ਜਿਵੇਂ ਉਨ੍ਹਾਂ ਦੀ ਤਸੱਲੀ ਜਿਹੀ ਹੋ ਗਈ, ਉਹ ਦੋਵੇਂ ਕੋਈ ਇਕ ਵਜੇ ਦੇ ਕਰੀਬ ਕਿਸੇ ਨਵੀਂ ਸਵੇਰ ਦੀ ਆਸ ਵਿਚ ਸੌਂ ਗਏ ।



# ਹੱਡਾਂ ਰੋੜੀ

੨

# ਹੱਡਾਂ ਰੋੜੀ

'ਬਾਊ, ਚੂੜਿਆਂ ਦਾ ਮੁੰਡਾ ਨਹੀਂ ਤੂੰ, ਜ਼ਰੂਰ ਕਿਸੇ.....

ਜਦੋਂ ਵੀ ਉਸ ਦੇ ਹਾਣੀ ਉਸ ਨੂੰ ਮਖੌਲ ਕਰਦੇ ਤਾਂ ਹਰ ਵਾਰ ਉਹ ਇਹ ਘੜਿਆ ਘੜਾਇਆ ਜਵਾਬ ਦਿੰਦਾ, ਜਿਹੜਾ ਸ਼ਾਇਦ ਉਸ ਨੂੰ ਮਾਸਟਰ ਨੇ ਸਿਖਾਇਆ ਹੋਇਆ ਸੀ—"ਅਛੂਤਾਂ ਦੇ ਘਰ ਨਹੀਂ ਅਵਤਾਰ ਪੈਦਾ ਹੋਏ। ਖੌਰੇ ਵੱਡਾ ਹੋ ਕੇ ਮੈਂ ਵੀ ਕੋਈ ਅੰਬੇਦਕਾਰ ਬਣ ਜਾਵਾਂ, ਜਨਮ ਤੋਂ ਕਦੇ ਕੋਈ ਨੀਚ ਨਹੀਂ ਹੁੰਦਾ।'

ਦੇਖਣ ਪ੍ਰਖਣ ਨੂੰ ਸੱਚ ਮੁੱਚ ਹੀ ਬਾਬੂ ਭੰਗੀਆਂ ਦਾ ਮੁੰਡਾ ਨਹੀਂ ਸੀ ਲਗਦਾ। ਇਸੇ ਕਰਕੇ ਤਾਂ ਮੁੰਡਿਆਂ ਨੂੰ ਇਹ ਸ਼ਰਾਰਤ ਸੁਝਦੀ ਸੀ। ਬਾਬੂ ਦੀ ਰਹਿਤ ਬਹਿਤ, ਸ਼ਕਲ ਸੂਰਤ ਵੀ ਉਸ ਦੇ ਮਾਪਿਆਂ ਤੋਂ ਬਿਲਕੁਲ ਅਡਰੀ ਸੀ। ਲੱਭੂ ਦਾ ਵਿਸ਼ਵਾਸ਼ ਸੀ ਕਿ ਉਹ ਵੱਡਾ ਹੋ ਕੇ ਜ਼ਰੂਰ ਬਾਬੂ ਬਣੇਗਾ। ਇਸ ਕਰਕੇ ਉਹ ਉਸ ਨੂੰ ਨਿਕੇ ਹੁੰਦੇ ਨੂੰ 'ਬਾਬੂ'

ਕਹਿੰਦਾ ਹੁੰਦਾ ਸੀ। ਪਰ ਉਸ ਦੀ ਮਾਂ ਬੁੱਧਾਂ ਉਸ ਦਾ ਨਾਂ 'ਸੁੰਦਰ, ਰਖਣ ਦੇ ਹੱਕ ਵਿਚ ਸੀ। ਜਿਸ ਵੇਲੇ ਮੁੰਡੇ ਦਾ ਨਾਂ ਹੌਲੀ ਹੌਲੀ ਬਾਬੂ ਪਕ ਗਿਆ, ਫੇਰ ਤਾਂ ਲੱਭੂ ਦਾ ਨਿਸਚਾ ਹੋਰ ਵੀ ਪੱਕਾ ਹੋ ਗਿਆ।

ਮੁੰਡੇ ਦੇ ਬਾਬੂ ਬਨਣ ਵਿਚ ਪਾਂਦੇ ਨੇ ਦੂਰੋਂ ਹੀ ਕਈ ਵਾਰ ਉਸ ਦਾ ਹੱਥ ਦੇਖ ਕੇ ਆਖ ਦਿਤਾ ਸੀ, "ਇਹ ਮੁੰਡਾ ਜ਼ਰੂਰ ਵਡਾ ਹੋ ਕੇ ਪਿਉ ਦਾਦੇ ਦਾ ਨਾਂ ਰੋਸ਼ਨ ਕਰੇਗਾ। ਇਹ ਆਸ ਬਾਬੂ ਦੇ ਮਾਂ ਪਿਉ ਨੂੰ ਹਰ ਵੇਲੇ ਨਸ਼ਿਆਈ ਰਖਦੀ ਸੀ, ਉਹ ਵੱਡੀ ਤੋਂ ਵੱਡੀ ਕੁਰਬਾਨੀ ਬਾਬੂ ਲਈ ਕਰਨ ਨੂੰ ਤਿਆਰ ਰਹਿੰਦੇ ਸਨ।

ਲੱਭੂ ਤੇ ਬੁੱਧਾਂ ਨੂੰ ਬੇਹਦ ਦੁਖ ਹੋਇਆ, ਜਿਸ ਵੇਲੇ ਅੱਠਵੀਂ ਵਿਚੋਂ ਫੇਲ੍ਹ ਹੋ ਕੇ ਬਾਬੂ ਨੇ ਸਕੂਲ ਜਾਣ ਤੋਂ ਉੱਕਾ ਨਾਂਹ ਕਰ ਦਿਤੀ। ਜਿੰਨੀ ਨ੍ਹਾਤੀ ਉੱਨਾ ਹੀ ਪੁੰਨ। ਅਖੀਰ ਮਾਪਿਆਂ ਨੇ ਵੀ ਸਬਰ ਕਰ ਲਿਆ।

ਅੱਠ ਸਾਲ ਸਕੂਲ ਵਿਚ ਪੜ੍ਹਨ ਕਰਕੇ ਉਸ ਦੇ ਖਿਆਲਾਂ ਵਿਚ ਜ਼ਾਹਰਾ ਤਬਦੀਲੀ ਪੈਦਾ ਹੋ ਚੁੱਕੀ ਸੀ। ਸਿਆਣੇ ਹੈੱਡ ਮਾਸਟਰ ਨੇ ਸਕੂਲ ਵਿਚ ਉਸ ਨਾਲ ਅਛੂਤਾਂ ਵਾਲਾ ਵਰਤਾਓ ਬਿਲਕੁਲ ਨਹੀਂ ਸੀ ਹੋਣ ਦਿੱਤਾ। ਆਪਣੇ ਹਮ ਜਮਾਤੀਆਂ ਨਾਲ ਬਰਾਬਰ ਡੈਸਕ ਤੇ ਬਹਿਣ ਕਰਕੇ ਉਸ ਵਿਚ ਸ੍ਵੈਮਾਨਤਾ ਦੇ ਅਹਿਸਾਸ ਜਾਗ ਪਏ ਸਨ। ਇਸ ਤੋਂ ਬਿਨਾਂ ਹਾਕੀ ਦਾ ਚੰਗਾ ਖਿਡਾਰੀ ਹੋਣ ਕਰਕੇ ਉਸ ਦੀ ਸਕੂਲ ਵਿਚ ਹੋਰ ਵੀ ਕਦਰ ਸੀ।

'ਬਾਬੂ, ਇਕੋ ਨੁਕਸ ਲੈ ਕੇ ਬਹਿ ਗਿਆ ਤੈਨੂੰ, ਨਹੀਂ



ਤਾਂ ਤੂੰ ਜ਼ਰੂਰ ਕੁਝ ਨਾ ਕੁਝ ਬਣ ਜਾਣਾ ਸੀ। ਆਪਣੇ ਹਾਣੀਆਂ ਦੀ ਇਹ ਦੂਜੀ ਚੋਟ ਉਸ ਨੂੰ ਖਾ ਜਾਂਦੀ ਸੀ। ਬਾਬੂ ਸੱਚ ਮੁਚ ਦਿਲ ਵਿਚ ਧਾਰੀ ਬੈਠਾ ਸੀ ਕਿ ਵਿਦਿਆ ਉਸ ਦੀ ਕਿਸਮਤ ਵਿਚ ਬਿਲਕੁਲ ਨਹੀਂ ਹੈ। ਅਸਲ ਵਿਚ ਬਾਬੂ ਦੇ ਪੜ੍ਹਾਈ ਵਿਚ ਨਾਲਾਇਕ ਹੋਣ ਦੀ ਵਜ੍ਹਾ ਹੋਰ ਸੀ! ਪ੍ਰਾਇਮਰੀ ਵਿਚ ਉਸ ਨਾਲ ਬੇਹੱਦ ਭੈੜਾ ਸਲੂਕ ਹੋਣ ਕਰਕੇ (ਉਸ ਨੂੰ ਬਾਕੀ ਮੁੰਡਿਆਂ ਤੋਂ ਪਿਛੇ ਤੇ ਦੂਰ ਬਿਠਾਇਆ ਜਾਂਦਾ ਸੀ) ਉਸ ਦੀ ਬੁਨਿਆਦ ਬਹੁਤ ਕੱਚੀ ਰਹਿ ਗਈ ਸੀ। ਉਸ ਵਿਚ ਪੜ੍ਹਨ ਦਾ ਸ਼ੌਂਕ ਮੁਢ ਤੋਂ ਪੈਦਾ ਹੋਇਆ ਹੀ ਨਹੀਂ ਸੀ। ਡਿਸਟ੍ਰਿਕਟ ਟੂਰਨਾਮੈਂਟ ਵਿਚ ਉਸ ਨੂੰ ਹਾਕੀ ਖਿਡਾਉਣ ਦੀ ਖ਼ਾਤਰ ਹਰ ਸਾਲ ਰਿਆਇਤੀ ਪਾਸ ਕਰ ਦਿਤਾ ਜਾਂਦਾ ਸੀ, ਪਰ ਅੱਠਵੀਂ ਵਿਚ ਫੇਲ੍ਹ ਹੋਣ ਪਿਛੋਂ ਉਸ ਦਾ ਮਨ ਪੜ੍ਹਾਈ ਤੋਂ ਐਸਾ ਉਖੜਿਆ ਕਿ ਮਾਸਟਰਾਂ ਦੇ ਹਜ਼ਾਰ ਜਤਨ ਕਰਨ ਤੇ ਵੀ ਉਹ ਸਕੂਲ ਦੇ ਹਾਤੇ ਅੰਦਰ ਮੁੜ ਦਾਖ਼ਲ ਨਾ ਹੋਇਆ।

ਪਰ ਸਕੂਲ ਛੱਡਣ ਤੋਂ ਬਾਅਦ ਜਦੋਂ ਉਹ ਅਮਲੀ ਜ਼ਿੰਦਗੀ ਵਿਚ ਦਾਖ਼ਲ ਹੋਇਆ ਤਾਂ ਉਸ ਨੂੰ ਬੜਾ ਤਲਖ਼ ਤਜਰਬਾ ਹੋਣ ਲੱਗਾ। ਲੱਭੂ ਤੇ ਬੁੱਧਾਂ ਨੇ ਕਦੇ ਉਸ ਤੋਂ ਡੱਕਾ ਦੋਹਰਾ ਨਹੀਂ ਸੀ ਕਰਾਇਆ। ਆਪ ਭਾਵੇਂ ਉਹ ਥੋਹੇ ਸੋਹੇ ਸੁੱਕੇ ਟੁੱਕਰ ਹੀ ਚਬਦੇ ਸਨ, ਪਰ ਬਾਬੂ ਨੂੰ ਉਹ ਜ਼ਰੂਰ ਤਾਜ਼ੀ ਚੋਪੜੀ ਰੋਟੀ ਦਿੰਦੇ ਸਨ। ਕਪੜੇ ਵੀ ਆਪਣੇ ਵਿਤ ਅਨੁਸਾਰ ਉਸ ਨੂੰ ਚੰਗੇ ਸੁਆਂ ਕੇ ਦਿੰਦੇ ਸਨ। ਉਸ ਦਾ ਬਿਸਤਰਾ ਅਤੇ ਕਿਤਾਬਾਂ ਵਾਲੀ ਪਰਛੱਤੀ ਸਭ ਕੁਝ ਉਸ ਦੇ ਕਹਿਣ ਅਨੁਸਾਰ ਤਾਂ ਸੀ। ਪੜ੍ਹਾਈ ਦੇ ਦਿਨਾਂ ਵਿਚ ਉਸਤਾਦ

ਉਸ ਨੂੰ ਹੋਰਨਾਂ ਮੁੰਡਿਆਂ ਵਾਂਗ ਸਮਝਦੇ ਸਨ ਅਤੇ ਜ਼ਿਮੀਂਦਾ ਦੇ ਮੁੰਡੇ ਵੀ ਉਸ ਨਾਲ ਹੋਰ ਹਾਣੀਆਂ ਵਰਗਾ ਵਰਤਾਓ ਕਰਦੇ ਸਨ। ਗੱਲ ਕੀ, ਉਸ ਨੇ ਕਦੇ ਅਨੁਭਵ ਨਹੀਂ ਸੀ ਕੀਤਾ ਕਿ ਲੋਕੀ ਉਸ ਨਾਲ ਨਫ਼ਰਤ ਭਰਿਆ ਸਲੂਕ ਕਰਦੇ ਹਨ।

ਪਰ ਅਮਲੀ ਜ਼ਿੰਦਗੀ ਨਾਲ ਵਾਹ ਪੈਂਦੇ ਸਾਰ ਉਸ ਦੀਆਂ ਅੱਖਾਂ ਖੁਲ੍ਹ ਗਈਆਂ। ਉਸ ਨੂੰ ਇਉਂ ਮਹਿਸੂਸ ਹੋਇਆ ਕਿ ਉਹ ਕਿਸੇ ਹੋਰ ਦੁਨੀਆਂ ਵਿਚ ਪ੍ਰਵੇਸ਼ ਕਰ ਚੁਕਾ ਹੈ। ਉਸ ਨਾਲ ਵੀ ਉਸ ਦੇ ਮਾਪਿਆਂ ਵਰਗਾ ਸਲੂਕ ਹੋਣ ਲੱਗਾ। ਕਈ ਵਾਰ ਉਸ ਨੇ ਨੱਸ ਕੇ ਕਿਸੇ ਸ਼ਹਿਰ ਚਲੇ ਜਾਣ ਦੀ ਸਲਾਹ ਵੀ ਕੀਤੀ ਪਰ ਮਾਪਿਆਂ ਦਾ ਪਿਆਰ ਉਸ ਦੇ ਰਾ ਵਿਚ ਰੋਕ ਬਣਿਆ ਰਿਹਾ।

ਜਦੋਂ ਕਿਤੇ ਲੱਭੂ ਨੰਬਰਦਾਰ ਜਾਂ ਕਿਸੇ ਚੌਧਰੀ ਦੀ ਵਗਾਰ ਕਰਨ ਚਲਾ ਜਾਂਦਾ ਤਾਂ ਬਾਬੂ ਆਪਣੀ ਮਾਂ ਨਾਲ ਪਿੰਡ ਵਿਚ ਕਮਾਣ ਜਾਂਦਾ। ਅਜਿਹੇ ਮੌਕਿਆਂ ਤੇ ਲੋਕਾਂ ਦਾ ਉਨ੍ਹਾਂ ਨਾਲ ਵਰਤਾਓ ਵੇਖ ਕੇ ਉਹ ਬੇਹਦ ਖਿਝਦਾ ਖਪਦਾ। ਸਭ ਤੋਂ ਵਧ ਦੁਖ ਉਸ ਨੂੰ ਇਸ ਗੱਲ ਦਾ ਸ ਕਿ ਸਿਖ ਹੈੱਡ ਮਾਸਟਰ ਦੇ ਅਸਰ ਥੱਲੇ ਛਕਿਆ ਹੋਇਆ ਅੰਮ੍ਰਿਤ ਵੀ ਉਸ ਨੂੰ ਇਨਸਾਨਾਂ ਵਿਚ ਸ਼ਮਾਰ ਨਹੀਂ ਸ ਕਰ ਸਕਿਆ। ਅੰਮ੍ਰਿਤਧਾਰੀ ਹੁੰਦੇ ਹੋਏ ਵੀ ਉਸ ਦੀ ਛੋ ਦੂਜੇ ਨੂੰ ਭਿੱਟ ਦਿੰਦੀ ਸੀ।

ਇਕ ਵਾਰ ਨੰਬਰਦਾਰ ਨੇ ਇਕ ਮਾਮੂਲੀ-ਜਿ ਕਸੂਰ ਬਦਲੇ ਬੁੱਧਾਂ ਨੂੰ ਗਾਲ੍ਹਾਂ ਕੱਢੀਆਂ, ਉਸ ਦਿਨ ਬਾਬੂ ਦਿਲ ਨੂੰ ਬੜੀ ਭਾਰੀ ਚੋਟ ਲੱਗੀ। ਉਹ ਨੰਬਰਦਾਰ ਨਾ ਲੜਨ ਨੂੰ ਤਿਆਰ ਸੀ, ਪਰ ਮਾਪਿਆਂ ਦੀ ਬੇਬਸੀ ਅ



ਉਸ ਨੂੰ ਸਬਰ ਦਾ ਘੁੱਟ ਭਰਨਾ ਪਿਆ। "ਕਾਕਾ, ਸਾਡੇ ਨਾਲ ਰੋਜ਼ ਏਹੋ ਕੁਤੇ ਖਾਣੀ ਹੁੰਦੀ ਏ, ਤੂੰ ਵੀ ਹੌਲੀ ਹੌਲੀ ਗਿੱਝ ਜਾਏਂਗਾ।"

"ਮੈਂ ਇਹ ਬਿਲਕੁਲ ਬਰਦਾਸ਼ਤ ਨਹੀਂ ਕਰਾਂਗਾ।"

ਇਸੇ ਗੁਸੇ ਵਿਚ ਉਸ ਨੇ ਦੋ ਦਿਨ ਰੋਟੀ ਨਾ ਖਾਧੀ। ਮਾਪਿਆਂ ਨੇ ਅਖੀਰ ਇਕ ਸ਼ਰਤ ਤੇ ਉਸ ਨੂੰ ਮਨਾਇਆ ਕਿ ਉਹ ਪੰਜਾਂ ਸੱਤਾਂ ਦਿਨਾਂ ਅੰਦਰ ਇਨ੍ਹਾਂ ਹੰਕਾਰੇ ਹੋਏ ਜੱਟਾਂ ਦਾ ਪਿੰਡ ਛੱਡ ਕੇ ਕਿਧਰੇ ਹੋਰ ਪਿੰਡ ਜਾਂ ਸ਼ਹਿਰ ਚਲੇ ਜਾਣਗੇ।

ਉਸ ਦਿਨ ਤੋਂ ਪਿਛੋਂ ਲੱਭੂ ਹਰ ਸ਼ਾਮ ਨੂੰ ਆਲੇ ਦੁਆਲੇ ਦੇ ਕਿਸੇ ਨਾ ਕਿਸੇ ਪਿੰਡ ਜਾਂਦਾ ਹੁੰਦਾ ਸੀ। ਆਪਣੇ ਆਪ ਨੂੰ ਸਧਾਰਨ ਬੰਦਾ ਸਮਝਦਾ ਹੋਇਆ ਉਹ ਸ਼ਹਿਰ ਜਾਣਾ ਨਹੀਂ ਸੀ ਚਾਹੁੰਦਾ। ਉਸ ਦੇ ਖਿਆਲ 'ਚ ਸਿਰਫ ਚਲਾਕ ਆਦਮੀ ਹੀ ਝਟ ਟਪਾ ਸਕਦੇ ਹਨ।

ਬਾਬੂ ਵੀ ਉਸ ਦਿਨ ਤੋਂ ਬਾਅਦ ਚੈਨ ਨਾਲ ਘਰ ਨਹੀਂ ਸੀ ਬੈਠਾ। ਆਲੇ ਦੁਆਲੇ ਦੇ ਸਭ ਸ਼ਹਿਰ ਕਸਬੇ ਗਾਹ ਕੇ ਉਹ ਇਸ ਸਿੱਟੇ ਤੇ ਪੁਜ ਚੁਕਾ ਸੀ ਕਿ ਪਿੰਡਾਂ, ਸ਼ਹਿਰਾਂ ਹਰ ਥਾਂ ਚੂੜਿਆਂ ਨਾਲ ਲਗ ਪਗ ਇਕੋ ਜਿਹਾ ਹੀ ਸਲੂਕ ਹੁੰਦਾ ਹੈ। ਅਖੀਰ ਉਸ ਨੇ ਕਿਸੇ ਹੋਰ ਕਿੱਤੇ ਲਈ ਆਪਣੇ ਮਾਪਿਆਂ ਨੂੰ ਰਜ਼ਾਮੰਦ ਕਰ ਲਿਆ।

ਨਵੇਂ ਪਿੰਡ ਵਿੱਚ ਜਾ ਕੇ ਉਨ੍ਹਾਂ ਨੇ ਆਪਣਾ ਜੱਦੀ ਕੰਮ ਲਗ ਪਗ ਬੰਦ ਹੀ ਕਰ ਦਿਤਾ, ਸਿਰਫ ਬੁੱਧਾਂ ਥੋੜ੍ਹੇ ਜਿਹੇ ਘਰਾਂ ਦਾ ਗੋਹਾ ਕੂੜਾ ਚੁਕਦੀ ਸੀ। ਪਿਛਲੇ ਦਿਨਾਂ ਦੇ ਦੌਰੇ ਵਿਚ ਬੁੱਚੜਾਂ ਦਾ ਇਕ ਮੁੰਡਾ ਉਸ ਦਾ ਦੋਸਤ ਬਣ ਗਿਆ। ਉਸ ਨੇ ਬਾਬੂ ਨੂੰ ਸਲਾਹ ਦਿਤੀ ਕਿ ਉਹ ਇਕ ਖੋਤਾ ਖਰੀਦ

ਲੈਣ ਅਤੇ ਆਲੇ ਦੁਆਲੇ ਦੇ ਪਿੰਡਾਂ ਵਿਚੋਂ ਹੱਡ ਇਕੱਠੇ ਕਰਕੇ
ਸ਼ਹਿਰ ਪੁਚਾਇਆ ਕਰਨ। ਇਸ ਤਰ੍ਹਾਂ ਉਨ੍ਹਾਂ ਦਾ ਵਾਹ ਵਾਹੋ
ਗੁਜ਼ਾਰਾ ਹੋ ਸਕਦਾ ਸੀ। ਜਿਸ ਪਿੰਡ ਵਿਚ ਉਹ ਹੁਣ ਆ
ਵਸੇ ਸਨ, ਉਥੇ ਅੱਧੇ ਘਰ ਮੁਸਲਮਾਨਾਂ ਦੇ ਅਤੇ ਬਾਕੀ
ਅੱਧੇ ਹਿੰਦੂ-ਸਿਖਾਂ ਦੇ ਸਨ। ਮੁਸਲਮਾਨਾਂ ਦੇ ਮੁੰਡਿਆਂ ਨਾਲ
ਬਾਬੂ ਦੀ ਬਹੁਤ ਸਾਂਝ ਹੋ ਗਈ ਸੀ, ਕਿਉਂਕਿ ਉਹ ਬਾਬੂ ਨਾਲ
ਭਲਾਈ ਵਾਲਾ ਵਰਤਾਓ ਕਰਦੇ ਸਨ।

ਲੱਭੂ ਤੇ ਬਾਬੂ ਨੂੰ ਨਵਾਂ ਕੰਮ ਸ਼ੁਰੂ ਕੀਤਿਆਂ ਕੋਈ
ਤਿੰਨ ਕੁ ਮਹੀਨੇ ਹੀ ਹੋਏ ਸਨ ਕਿ ਪੰਜਾਬ ਵਿਚ ਗੜ ਬੜ
ਸ਼ੁਰੂ ਹੋ ਗਈ। ਉਨ੍ਹਾਂ ਨੂੰ ਹੱਡ ਇਕੱਠੇ ਕਰਕੇ ਸ਼ਹਿਰ ਪੁਚਾਰ
ਵਿਚ ਭਾਵੇਂ ਅਜੇ ਤਕ ਬਹੁਤਾ ਫ਼ਾਇਦਾ ਨਹੀਂ ਸੀ ਹੋਇਆ,
ਫੇਰ ਵੀ ਉਹ ਖ਼ੁਸ਼ ਸਨ ਅਤੇ ਇਸ ਇੱਜ਼ਤ ਵਾਲੇ ਕੰਮ ਨੂੰ
ਕਿਸੇ ਸੂਰਤ ਵਿਚ ਛੱਡਣ ਨੂੰ ਤਿਆਰ ਨਹੀਂ ਸਨ।

ਆਲੇ ਦੁਆਲੇ ਦਾ ਇਲਾਕਾ ਸਾਰਾ ਸਿੱਖਾਂ ਦਾ ਹੋਣ
ਕਰਕੇ ਮੁਸਲਮਾਨ ਬਹੁਤ ਘਬਰਾਉਣ ਲਗ ਪਏ ਸਨ।
ਇਨ੍ਹਾਂ ਭੀੜ ਦੇ ਦਿਨਾਂ ਵਿਚ ਮੁਸਲਮਾਨ ਬਾਬੂ ਤੇ ਲੱਭੂ ਦੇ
ਹੋਰ ਵੀ ਨੇੜੇ ਹੋ ਗਏ ਸਨ। ਦੁਖ ਤਕਲੀਫ਼ ਵਿਚ ਉਨ੍ਹਾਂ ਦੀ
ਮਦਦ ਕਰਨ ਦੀ ਬਾਬੂ ਹਾਮੀ ਭਰਦਾ ਹੁੰਦਾ ਸੀ। ਜਿਸ ਵੇਲੇ
ਉਸ ਪਿੰਡ ਵਿਚ ਵੀ ਦੋ ਤਿੰਨ ਕਤਲ ਹੋ ਗਏ ਫੇਰ ਤਾਂ
ਮੁਸਲਮਾਨਾਂ ਵਿਚ ਹੋਰ ਵੀ ਘਬਰਾਹਟ ਪੈਦਾ ਹੋ ਗਈ। ਇਨ੍ਹਾਂ
ਦਿਨਾਂ ਵਿਚ ਬਾਬੂ ਤੇ ਲੱਭੂ ਨੇ ਕਈ ਰਾਤਾਂ ਅੱਖ ਨਾਲ ਅੱਖ
ਨਾ ਲਾਈ। ਕਈ ਦਫ਼ਾ ਆਪਣੀ ਜਾਨ ਖ਼ਤਰੇ ਵਿਚ ਪਾ ਕੇ
ਵੀ ਬਾਬੂ ਉਨ੍ਹਾਂ ਦੀ ਮਦਦ ਕਰਦਾ ਹੁੰਦਾ ਸੀ। ਆਪਣੇ ਘੋੜੇ
ਤੇ ਉਸ ਨੇ ਉਨ੍ਹਾਂ ਦਾ ਬੇਹੱਦ ਸਮਾਨ ਢੋ ਕੇ ਕੈਂਪ ਵਿਚ



ਪੁਚਾਇਆ। ਪਿੰਡ ਵਿਚ ਜੋ ਦਸ ਵੀਹ ਇਸਤ੍ਰੀ ਮਰਦ ਕਤਲ
ਹੋ ਗਏ ਸਨ, ਬਾਬੂ ਨੂੰ ਉਨ੍ਹਾਂ ਦਾ ਬੇਹੱਦ ਗਮ ਹੋਇਆ।
ਏਥੋਂ ਤਕ ਕਿ ਉਹ ਹਰ ਵੇਲੇ ਗੁਮ ਜਿਹਾ ਰਹਿਣ ਲੱਗਾ।
ਹੁਣ ਬਹੁਤ ਹੀ ਘਟ ਉਸ ਦੇ ਚਿਹਰੇ ਤੇ ਮੁਸਕ੍ਰਾਹਟ ਆਉਂਦੀ
ਸੀ। ਉਸ ਦੀ ਇਸ ਗੰਭੀਰਤਾ ਦਾ ਮਾਪਿਆਂ ਨੂੰ ਫਿਕਰ
ਲਗ ਪਿਆ।

ਰੌਲੇ ਗੌਲੇ ਤੋਂ ਕਈ ਮਹੀਨੇ ਬਾਅਦ ਉਨ੍ਹਾਂ ਨੇ ਫੇਰ
ਕੰਮ ਸ਼ੁਰੂ ਕੀਤਾ। ਸ਼ਹਿਰਾਂ ਦੇ ਕਾਰੋਬਾਰ ਬੰਦ ਹੋਣ ਕਰਕੇ
ਉਨ੍ਹਾਂ ਨੇ ਹੱਡ ਇਕੱਠੇ ਕਰਨ ਤੇ ਹੀ ਲਕ ਬੰਨ੍ਹ ਲਿਆ ਸੀ।
ਪਹਿਲੋਂ ਹੱਡ ਘਟ ਮਿਲਦੇ ਸਨ, ਮਾਂਗ ਬੜੀ ਸੀ, ਹੁਣ ਹੱਡ
ਬੇਸ਼ੁਮਾਰ ਸਨ, ਮਾਂਗ ਕੋਈ ਨਹੀਂ ਸੀ। ਖੈਰ, ਉਨ੍ਹਾਂ ਨੇ ਹੌਸਲਾ
ਨਾ ਹਾਰਿਆ। ਉਨ੍ਹਾਂ ਦਾ ਖਿਆਲ ਸੀ ਕਿ ਅਮਨ ਅਮਾਨ ਦੇ
ਦਿਨਾਂ ਵਿਚ ਹੁਣ ਦੇ ਕੱਠੇ ਕੀਤੇ ਹੋਏ ਹੱਡ ਬਹੁਤ ਸਾਰਾ ਮੁਨਾਫ਼ਾ
ਦੇ ਜਾਣਗੇ। ਇਸ ਕਰਕੇ ਪਿਉ ਪੁਤ ਸਾਰਾ ਸਾਰਾ ਦਿਨ
ਆਪਣੇ ਕੰਮ ਵਿਚ ਜੁਟੇ ਰਹਿੰਦੇ ਸਨ।

ਪਿੰਡ ਤੋਂ ਦੂਰ, ਜਿਥੇ ਚਮਾਰ ਮਰੇ ਹੋਏ ਡੰਗਰ ਚੁਕ
ਕੇ ਲੈ ਜਾਂਦੇ ਸਨ ਅਤੇ ਖਲ ਲਾਹ ਕੇ ਧੜ ਉਥੇ ਸੁਟ ਆਉਂਦੇ
ਸਨ, ਇਸ ਦੇ ਲਾਗੇ ਹੀ ਉਨ੍ਹਾਂ ਦਾ ਆਪਣਾ ਹੱਡਾਂ ਦਾ ਢੇਰ
ਸੀ। ਇਹ ਹੱਡਾਂ ਦੀ ਢੇਰੀ ਦਿਨੋਂ ਦਿਨ ਵੱਡੀ ਹੁੰਦੀ ਜਾਂਦੀ
ਸੀ, ਪਰ ਹੱਡ ਟਿਕਣ ਵਿਚ ਨਹੀਂ ਸਨ ਆਉਂਦੇ। ਵਾੜਿਆਂ,
ਖੇਤਾਂ, ਪੈਲੀਆਂ, ਬਾਗਾਂ, ਘਰਾਂ, ਗੱਲ ਕੀ, ਹਰ ਥਾਂ ਤੋਂ ਉਨ੍ਹਾਂ
ਨੂੰ ਹੱਡ ਹੀ ਹਡ ਖਿੰਡਰੇ ਪਏ ਮਿਲਦੇ ਸਨ। ਸਾਰੇ ਦਿਨ ਦੇ
ਇਕੱਠੇ ਕੀਤੇ ਹੋਏ ਹਡ ਉਹ ਸ਼ਾਮ ਨੂੰ ਖੋਤੇ ਤੇ ਢੋ ਕੇ ਉਸ
ਢੇਰ ਤੇ ਲੈ ਆਉਂਦੇ। ਗਿਰਝਾਂ ਤੇ ਪਲੇ ਹੋਏ ਕੁਤਿਆਂ ਦੀਆਂ

ਧਾੜਾਂ ਨੂੰ ਹਟਾ ਕੇ ਉਹ ਰੋੜੀ ਕੋਲ ਪੁਜਦੇ ਅਤੇ ਦਿਨ ਦੇ ਇਕੱਠੇ ਕੀਤੇ ਹੱਡ ਉਸ ਰੋੜੀ ਉਤੇ ਸੁਟ ਦਿੰਦੇ। ਦਿਨੋਂ ਦਿਨ ਇਸ ਢੇਰ ਦੀ ਟੀਸੀ ਉੱਚੀ ਹੁੰਦੀ ਦੇਖ ਕੇ ਲੱਭੂ ਦੀਆਂ ਅੱਖਾਂ ਵਿਚ ਚਮਕ ਆ ਰਹੀ ਸੀ, ਪਰ ਬਾਬੂ ਉਸੇ ਤਰ੍ਹਾਂ ਗੁੰਮਿਆਂ ਰਹਿੰਦਾ ਸੀ।

ਇਕ ਦਿਨ ਹੱਡ ਇਕੱਠੇ ਕਰਦਿਆਂ ਉਨ੍ਹਾਂ ਨੂੰ ਕਿਸੇ ਜ਼ਿਮੀਂਦਾਰ ਦੇ ਨਵੇਂ ਵਾਹੇ ਖੇਤ ਦੀ ਕੁਠੋਂ ਇਕ ਸਾਬਤ ਪਿੰਜਰ ਲੱਭਾ। ਬਾਬੂ ਕਾਫੀ ਦੇਰ ਉਸ ਨੂੰ ਬੜੇ ਗਹੁ ਨਾਲ ਦੇਖਦਾ ਰਿਹਾ। ਉਸ ਨੂੰ ਬੁਤ ਵਾਂਗ ਖੜਾ ਦੇਖ ਕੇ ਲੱਭੂ ਡਰ ਜਿਹਾ ਗਿਆ। ਉਸ ਨੇ ਝਟ ਬਾਬੂ ਨੂੰ ਜੱਫੀ ਵਿਚ ਲੈ ਲਿਆ।

"ਓਦਿ ਕਿਆ ਹੋ ਗਿਆ ਤੈਨੂੰ ਮੇਰੇ ਲਾਲ !"

'ਬਾਪੂ, ਆਹ ਪਿੰਜਰ ਰਹਿਮਤ ਅਲੀ ਦੀ ਧੀ ਦਾ ਏ' ਇਹ ਕਹਿੰਦੇ ਹੋਏ ਬਾਬੂ ਦੀ ਹਾਲਤ ਹੋਰ ਭੈੜੀ ਹੋ ਗਈ।

'ਤੈਨੂੰ ਕਿੱਦਾਂ ਪਤਾ ?' ਲੱਭੂ ਨੇ ਉਸ ਨੂੰ ਛਾਤੀ ਨਾਲ ਘੁਟਦੇ ਹੋਏ ਪੁਛਿਆ। ਬਾਬੂ ਇਕ ਦਮ ਫਿਸ ਪਿਆ 'ਓਿ ਬਾਪੂ, ਦੇਖਦਾ ਨਹੀਂ ਤੂੰ, ਇਹਦੀਆਂ ਪਤਲੀਆਂ ਤੇ ਲੰਮੀਆਂ ਨਾਜ਼ਕ ਹੱਡੀਆਂ। ਇਹਦਾ ਮੌਰਾ ਟੁੱਟਾ ਹੋਇਆ ਨਹੀਂ ਦੇਖਦਾ ਇਥੇ ਛਵੀ ਮਾਰੀ ਸੀ ਬਾਰੂ ਦੇ ਮੁੰਡੇ ਨੇ।

'ਪੁੱਤਰਾ, ਛੱਡ ਦੇ ਪਿੰਜਰ ਨੂੰ, ਅਸੀਂ ਨਹੀਂ ਲਜਾਣਾ ਪਾਗਲ ਹੋ ਗਿਆਂ ਤੂੰ।' 'ਬਾਪੂ, ਪਿੰਡ ਦੇ ਮੁੰਡੇ ਚੁਕ ਕੇ ਗਏ ਸੀ, ਘਰੋਂ ਉਨ੍ਹਾਂ ਦਿਉਂ। ਕੈਂਪ 'ਚ ਪੁਜ ਕੇ ਰਹਿਮ ਨੇ ਮੇਰੇ ਪੈਰਾਂ 'ਚ ਪਗ ਰਖ ਦਿਤੀ, ਆਖੇ, ਤੂੰ ਮੇਰਾ ਪੁਤ ਜਿਉਂ ਜਾਣਦਾਂ ਮੇਰੀ ਖਾਂ ਪਲੀ ਧੀ ਨੂੰ ਕੈਂਪ 'ਚ ਪੁ ਕਿਸੇ ਹੀਲੇ। ਪੂਰੇ ਪੰਦਰਾਂ ਦਿਨ ਮੈਂ ਖੱਪ ਲੱਥਾ ਇਹ



ਭਾਲਦਿਆਂ। ਪਿਛੋਂ ਜਾ ਕੇ ਇਕ ਮੁੰਡੇ ਤੋਂ ਸਾਰੀ ਗੱਲ ਦਾ ਪਤਾ ਲੱਗਾ, ਮੁੰਡਿਆਂ ਨੇ ਕਈ ਦਿਨ ਇਹਨੂੰ ਬਾਹਰ ਖੇਤਾਂ ਵਿਚ ਹੀ ਰਖਿਆ। ਮੁੰਡਿਆਂ ਦੀ ਆਪੋ ਵਿਚ ਦੀ ਈਰਖਾ ਦੂੰ-ਖੋਂ ਅਖੀਰ ਬਾਰੂ ਦੇ ਮੁੰਡੇ ਨੇ ਮਾਰ ਕੇ ਖੇਤ 'ਚ ਦਬ ਦਿਤਾ।'

'ਮੈਂ ਵੀ ਆਖਾਂ ਖੌਰੇ ਰੋਜ਼ ਤੂੰ ਖੇਤਾਂ ਚੋਂ ਕੀ ਲਭਦਾ ਰਹਿੰਦਾਂ।' ਲੱਭੂ ਨੇ ਆਪਣੇ ਸਿਸਕੀਆਂ ਲੈ ਰਹੇ ਮੁੰਡੇ ਨੂੰ ਬੁਕਲ ਵਿਚ ਲੈ ਕੇ ਰਜ ਕੇ ਪਿਆਰ ਕੀਤਾ।

ਭਾਵੇਂ ਲੱਭੂ ਨੇ ਬਾਬੂ ਦੇ ਕਹਿਣ ਅਨੁਸਾਰ ਉਸ ਪਿੰਜਰ ਨੂੰ ਢੂਕ ਕੇ ਹੱਡਾਂ ਰੋੜੀ ਦੇ ਲਾਗੇ ਇਕ ਕਬਰ ਵਿਚ ਦਬਾ ਦਿੱਤਾ ਸੀ, ਫੇਰ ਵੀ ਬਾਬੂ ਸਖਤ ਗਮਗੀਨ ਸੀ। ਉਸੇ ਦਿਨ ਦਾ ਉਸ ਨੂੰ ਬੁਖਾਰ ਚੜ੍ਹਨ ਲਗ ਗਿਆ ਸੀ। ਲੱਭੂ ਤੇ ਬੁੱਧਾਂ ਬੇਹੱਦ ਪ੍ਰੇਸ਼ਾਨ ਸਨ। ਉਨ੍ਹਾਂ ਵਿਚਾਰਿਆਂ ਨੂੰ ਕੁਝ ਨਹੀਂ ਸੀ ਸੁਝਦਾ ਕਿ ਉਸ ਬੇਜਾਨ ਪਿੰਜਰ ਨੇ ਉਨ੍ਹਾਂ ਦੇ ਪੁਤਰ ਨੂੰ ਕੀ ਕਰ ਦਿਤਾ ਸੀ। ਉਸ ਦਾ ਬੁਖਾਰ ਦਿਨੋਂ ਦਿਨ ਡੇਢ ਹੁੰਦਾ ਜਾਂਦਾ ਸੀ। ਹਕੀਮ ਦੇ ਕਹਿਣ ਤੇ ਉਹ ਉਸ ਦਾ ਇਕ ਮਿੰਟ ਵਸਾਹ ਨਹੀਂ ਸਨ ਖਾਂਦੇ। ਹਰ ਵੇਲੇ ਉਸ ਦੇ ਮੱਥੇ ਤੇ ਪਾਣੀ ਪੱਟੀ ਰਖਦੇ ਸਨ। ਬਾਬੂ ਦਿਨ ਵਿਚ ਕਈ ਕਈ ਦਫ਼ਾ ਉੱਚੀ ਉੱਚੀ ਬੋਲਣ ਲਗ ਜਾਂਦਾ ਸੀ:—

'ਬਾਪੂ, ਅਸੀਂ ਮਾਨੁੱਖਾਂ ਦੇ ਹਡ ਨਹੀਂ ਵੇਚਣੇ! ਮਨੁਖ ਬਣ ਪਸ਼ੂ ਗਏ ਸੀ, ਪਰ ਬਾਪੂ, ਅਸੀਂ ਪਸ਼ੂ ਨਹੀਂ ਬਨਣਾ! ਇਹ ਲੋਕ ਭਾਵੇਂ ਸਾਨੂੰ ਵੀ ਪਸ਼ੂਆਂ ਆਂਗ ਈ ਸਮਝਦੇ ਨੇ, ਪਰ ਬਾਪੂ, ਅਸੀਂ ਆਪਣੇ ਧਰਮ ਤੋਂ ਨਹੀਂ ਗਿਰਨਾ!

ਅਸੀਂ ਮੁਸਲਮਾਨ ਭਰਾਵਾਂ ਦੀਆਂ ਹੱਡੀਆਂ ਇੰਦਾਂ ਨਹੀਂ ਰੋਲਣੀਆਂ !!"

ਭਾਵੇਂ ਲੱਭੂ ਤੇ ਬੁੱਧਾਂ ਜਾਣਦੇ ਸਨ ਕਿ ਉਨ੍ਹਾਂ ਦੀ ਕਈ ਮਹੀਨਿਆਂ ਦੀ ਮਿਹਨਤ ਦਾ ਬਦਲਾ ਹੁਣ ਮਿਲਣ ਵਾਲਾ ਸੀ ਅਤੇ ਉਨ੍ਹਾਂ ਨੂੰ ਸੈਂਕੜੇ ਹਜ਼ਾਰਾਂ ਦਾ ਫ਼ਾਇਦਾ ਪੁਜਣ ਵਾਲਾ ਸੀ, ਫੇਰ ਵੀ ਆਪਣੇ ਜਾਨ ਤੋਂ ਪਿਆਰੇ ਲਾਲ ਦੀ ਖ਼ਾਤਰ ਸਭ ਕੁਝ ਕਰਨ ਨੂੰ ਤਿਆਰ ਹੋ ਗਏ। ਲੱਭੂ ਨੇ ਬਾਬੂ ਦੀ ਤਪਦੀ ਹਿੱਕ ਨੂੰ ਆਪਣੀ ਹਿੱਕ ਨਾਲ ਲਾ ਕੇ ਯਕੀਨ ਕਰਵਾਇਆ ਕਿ ਉਹ ਬਾਬੂ ਦੇ ਕਹਿਣ ਅਨੁਸਾਰ ਸਾਰੇ ਪਿੰਜਰਾਂ ਨੂੰ ਕਬਰਾਂ ਵਿਚ ਦਫ਼ਨਾ ਕੇ ਦਮ ਲਵੇਗਾ।

ਸਾਰੀ ਰਾਤ ਮਿਹਨਤ ਕਰਕੇ ਲੱਭੂ ਨੇ ਕੋਈ ਪੰਜ ਕੁ ਟੋਏ ਪੁੱਟੇ ਅਤੇ ਉਨ੍ਹਾਂ ਵਿਚ ਬਹੁਤ ਸਾਰੇ ਪਿੰਜਰ ਦਬਾ ਦਿਤੇ। ਦੂਜੇ ਦਿਨ ਜਦੋਂ ਪਿੰਡ ਦੇ ਲੋਕਾਂ ਨੂੰ ਭੰਗੀਆਂ ਦੀ ਇਸ ਹਰਕਤ ਦਾ ਪਤਾ ਲੱਗਾ ਤਾਂ ਉਹ ਬੇਹੱਦ ਗੁਸੇ ਹੋਏ। ਉਨ੍ਹਾਂ ਨੂੰ ਪਹਿਲੋਂ ਵੀ ਸ਼ੱਕ ਸੀ ਕਿ ਲੱਭੂ ਤੇ ਉਸ ਦਾ ਮੁੰਡਾ ਮੁਸਲਮਾਨਾਂ ਦੀ ਬਹੁਤ ਮਦਦ ਕਰਦੇ ਰਹੇ ਹਨ, ਪਰ ਹੁਣ ਮੁਸਲਮਾਨਾਂ ਦੀਆਂ ਤਾਜ਼ੀਆਂ ਕਬਰਾਂ ਦੇਖ ਕੇ ਤਾਂ ਉਹ ਬਹੁਤ ਹੀ ਲੋਹੇ ਲਾਖੇ ਹੋ ਗਏ। ਉਹ ਇਹ ਹਰਕਤ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦੇ ਸਨ, ਜਦੋਂ ਕਿ ਉਨ੍ਹਾਂ ਨੇ ਮੁਸਲਮਾਨਾਂ ।ਦੀਆਂ ਪਿਛਲੀਆਂ ਸਾਰੀਆਂ ਕਬਰਾਂ ਪੁਟ ਛੱਡੀਆਂ ਸਨ।

ਲੋਕਾਂ ਦੀਆਂ ਧਮਕੀਆਂ ਅਤੇ ਪੰਜੇ ਕਬਰਾਂ ਦੇ ਮੁੜ ਢਾਹ ਦੇਣ ਦੀ ਖ਼ਬਰ ਸੁਣ ਕੇ ਬਾਬੂ ਦਾ ਬੁਖ਼ਾਰ ਹੋਰ ਤੇਜ਼



ਹੋ ਗਿਆ। ਦੂਜੇ ਦਿਨ ਲੋਕਾਂ ਦੀਆਂ ਖ਼ੂਨ ਭਰੀਆਂ ਅੱਖਾਂ ਤਾੜ ਕੇ, ਲੱਭੂ ਆਪਣੇ ਤਾਪ ਨਾਲ ਬੇਹੋਸ਼ ਪੁਤਰ ਨੂੰ ਚੁਕ ਕੇ ਕਿਸੇ ਹੋਰ ਪਿੰਡ ਲੈ ਗਿਆ।

---

# ਸੱਤਾਂ
# ਪਤਣਾਂ
# ਦਾ
# ਤਾਰੂ

੩

# ਸੱਤਾਂ ਪਤਣਾ ਦਾ ਤਾਰੂ

**ਖ**ਾਲਸਾ ਹੋਟਲ ਸੋਲਨ ਤੋਂ ਅਪਣਾ ਬੈਗ ਤੇ ਅਟੈਚੀ ਕੇਸ ਚੁਕ ਕੇ ਸਟੇਸ਼ਨ ਵਲ ਨੂੰ ਤੁਰਨ ਹੀ ਲੱਗੇ ਸਾਂ, ਜਿਸ ਵੇਲੇ ਸ਼ਿਮਲੇ ਵਲੋਂ ਇਕ ਖਾਲੀ ਕਾਰ ਹੋਟਲ ਅਗੇ ਆਣ ਕੇ ਰੁਕੀ। ਹੋਟਲ ਦਾ ਬਜ਼ੁਰਗ ਮਾਲਕ ਸਾਨੂੰ ਝਟ ਪਟ ਆਵਾਜ਼ਾਂ ਮਾਰਨ ਲਗ ਪਿਆ, 'ਸਰਦਾਰ ਸਾਹਬ, ਇਸ ਵਿਚ ਕਾਲਕਾ ਕਿਉਂ ਨਹੀਂ ਚਲੇ ਜਾਂਦੇ।'

'ਔਂਦੀ ਵਾਰੀ ਸਾਡਾ ਬਹੁਤ ਬੁਰਾ ਹਾਲ ਹੋਇਆ ਸੀ, ਅਸੀਂ ਫੈਸਲਾ ਕਰ ਬੈਠੇ ਆਂ, ਹੁਣ ਕਦੇ ਕਾਰ ਜਾਂ ਲਾਰੀ ਵਿਚ ਨਹੀਂ ਬੈਠਾਂਗੇ।' ਮੇਰੇ ਦੋਸਤ ਨੇ ਲਗ ਪਗ ਦੋ ਟੁਕ ਫੈਸਲਾ ਕਰ ਦਿਤਾ ਸੀ, ਮੇਰੇ ਬੋਲਣ ਦੀ ਗੁੰਜਾਇਸ਼ ਹੀ ਕੋਈ ਨਹੀਂ ਸੀ।

'ਸਰਦਾਰ ਜੀ, ਗਲ ਸੁਣੋ ਨਾ ਇਕ ਮਿੰਟ। ਕੋਈ ਅਣਜਾਣ ਡਰਾਈਵਰ ਹੋਣਾ ਏ ਜਿਹੜਾ ਤੁਹਾਨੂੰ ਲੈ ਕੇ

ਆਇਆ। ਜੇ ਹੁਣ ਉਤਰਦੀ ਦਫਾ ਤੁਹਾਡਾ ਦਿਲ ਖਰਾਬ ਹੋ ਗਿਆ ਜਾਂ ਉਲਟੀਆਂ ਆ ਗਈਆਂ, ਚਲੋ ਇਕ ਪੈਸਾ ਕਰਾਏ ਦਾ ਨਾ ਦੇਣਾ। ਸਰਦਾਰ ਜੀ, ਉਗਾਹ ਖੜੇ ਨੇ, ਕਿਉਂ ਮੰਜ਼ੂਰ ਏ ਸੌਦਾ ?'

ਡਰਾਈਵਰ ਦੀਆਂ ਗੱਲਾਂ ਵਿੱਚ ਪਤਾ ਨਹੀਂ ਕੀ ਜਾਦੂ ਸੀ, ਅਸੀਂ ਉਸ ਦੇ ਆਖੇ ਸੁਣੇ ਬੈਠਣ ਲਈ ਤਿਆਰ ਹੋ ਗਏ। ਕਰਾਇਆ ਛੇ ਰੁਪਏ ਸਾਡੇ ਦੋਹਾਂ ਦਾ ਤੈ ਹੋ ਗਿਆ। ਬਿਨਾਂ ਕਿਸੇ ਹੋਰ ਸਵਾਰੀ ਦੀ ਇੰਤਜ਼ਾਰ ਦੇ ਉਸ ਨੇ ਫੌਰਨ ਚਲ ਪੈਣ ਦਾ ਵੀ ਸਾਨੂੰ ਯਕੀਨ ਕਰਵਾ ਦਿੱਤਾ।

ਸਾਮਾਨ ਕਾਰ ਵਿੱਚ ਰਖ ਕੇ ਅਸੀਂ ਹੋਟਲ ਸਾਹਮਣੇ ਫਲਾਂ ਵਾਲੀ ਦੁਕਾਨ ਤੋਂ ਨਿੰਬੂ ਲੈਣ ਲਗ ਪਏ। ਡਰਾਈਵਰ ਵੀ ਉਸੇ ਦੁਕਾਨ ਤੇ ਆ ਗਿਆ। ਉਸ ਨੇ ਫਟਾ ਫਟ ਤਿੰਨਾਂ ਰੁਪਿਆਂ ਦੇ ਤਿੰਨ ਸੇਰ ਦਸੌਰੀ ਅੰਬ ਲਫਾਫੇ ਵਿੱਚ ਪੁਆਏ ਅਤੇ ਸਾਨੂੰ ਆਖਣ ਲੱਗਾ,

“ਆਓ ਸਰਦਾਰ ਜੀ ਚਲੀਏ।”

ਮੋਟਰ ਵਿਚ ਬੈਠਦੇ ਸਾਰ ਉਸ ਨੇ ਗੱਲਾਂ ਸ਼ੁਰੂ ਕਰ ਦਿੱਤੀਆਂ, ‘ਤੁਸੀਂ ਨਾ ਮਿਲਦੇ ਤਾਂ ਮੈਂ ਖਾਲੀ ਕਾਲਕਾ ਚਲੇ ਜਾਣਾ ਸੀ। ਦਿਨੇ ਭਾਵੇਂ ਮੈਂ ਕਿਧਰੇ ਘੁੰਮਦਾ ਰਵ੍ਹਾਂ, ਪਰ ਰਾਤ ਨੂੰ ਬਾਜ਼ੀਗਰਨੀ ਵਾਂਗ ਜ਼ਰੂਰ ਘਰ ਪੁਜਦਾ ਹਾਂ। ਕਈ ਦਫਾ ਮੈਂ ਸ਼ਿਮਲੇ ਤੋਂ ਖਾਲੀ ਗੱਡੀ ਲੈ ਕੇ ਘਰ ਪੁੱਜਾ। ਇਸੇ ਕਰਕੇ ਜੋ ਤੁਸੀਂ ਮੂੰਹੋਂ ਕਰਾਇਆ ਆਖਿਆ, ਮੈਂ ਝਟ ਮੰਨ ਲਿਆ।



ਫੇਰ ਤਾਂ ਅਸੀਂ ਬੜੀ ਭਾਰੀ ਗਲਤੀ ਕੀਤੀ, ਜੇ ਅਸੀਂ ਚਾਰ ਰੁਪਏ ਕਹਿੰਦੇ, ਫੇਰ ਵੀ ਤੂੰ ਮੰਨ ਜਾਣਾ ਸੀ।

ਸਰਦਾਰ ਜੀ, ‘ਜੇ’ ਦੀ ਤਾਂ ਸਾਰੀ ਗੱਲ ਏ। ਅਗਰ ਬੰਦੇ ਦੇ ‘ਜੇ’ ਹੱਥ ਵਿਚ ਹੋਵੇ ਫੇਰ ਤਾਂ ਕੁਝ ਦਾ ਕੁਝ ਕਰ ਦੇਵੇ।

ਸਾਨੂੰ ਕਿੰਨੇ ਕੁ ਵਜੇ ਕਾਲਕਾ ਅਪੜਾ ਦੇਵੇਂਗਾ।

ਸਰਦਾਰ ਸਾਹਬ, ਘਬਰਾਉਂਦੇ ਕਿਉਂ ਓ, ਮੈਨੂੰ ਤੁਹਾਡੇ ਨਾਲੋਂ ਵੀ ਵਧ ਕਾਹਲ ਏ। ਮੇਰੀ ਵਹੁਟੀ ਨੇ ਤਾਂ ਰੋਟੀ ਦੀ ਬੁਰਕੀ ਮੂੰਹ 'ਚ ਨਹੀਂ ਪੌਣੀ, ਜਿੰਨਾ ਚਿਰ ਤਕ ਮੈਂ ਘਰ ਨਹੀਂ ਪੁਜਦਾ। ਬੱਚੇ ਵਖ ਉਡੀਕਦੇ ਹੋਣੇ ਨੇ ਚੀਜ਼ੋ ਨੂੰ। ਜਿੰਨੀ ਸਰਲਤਾ ਨਾਲ ਉਹ ਗੱਲਾਂ ਕਰਦਾ ਸੀ, ਉਸ ਨਾਲੋਂ ਵਧੇਰੇ ਸਰਲਤਾ ਤੇ ਸਫਾਈ ਨਾਲ ਉਹ ਮੋਟਰ ਚਲਾ ਰਿਹਾ ਸੀ। ਉਸ ਦਾ ਸਵੇਰ ਵਾਲੇ ਡਰਾਈਵਰ ਨਾਲੋਂ ਇੰਨਾ ਫਰਕ ਸੀ, ਜਿੰਨਾ ਇਕ ਮਾਹਰ ਗਵੱਈਏ ਦਾ ਇਕ ਸੰਘ ਪਾੜਨ ਵਾਲੇ ਰਾਗੀ ਨਾਲੋਂ ਹੁੰਦਾ ਹੈ। ਅਸਲ ਵਿੱਚ ਜ਼ਿੰਦਗੀ ਦੇ ਹਰ ਕੰਮ ਵਿੱਚ ਇਸੇ ਤਰ੍ਹਾਂ ਹੁੰਦਾ ਹੈ। ਮਾਹਰ ਆਦਮੀ ਦੇ ਕੰਮ ਵਿਚ ਸਰਲਤਾ, ਸਹਿਜ ਸੁਭਾਵਕਤਾ ਤੇ ਰਸ ਹੁੰਦਾ ਹੈ, ਅਣਜਾਣ ਦੇ ਕੰਮ ਵਿਚ ਤਕਲੱਫ, ਬਨਾਵਟ ਤੇ ਉਚੇਚਾ ਯਤਨ ਪ੍ਰਗਟ ਹੁੰਦਾ ਹੈ। ਸੜਕ ਦੇ ਮੋੜ ਉਹ ਐਨੀ ਸਫਾਈ ਤੇ ਉਸਤਾਦੀ ਨਾਲ ਕਟਦਾ ਸੀ ਕਿ ਸਾਨੂੰ ਜ਼ਰਾ ਵੀ ਹੁਜੱਕਾ ਨਹੀਂ ਸੀ ਲੱਗਣ ਦਿੰਦਾ।

ਕੁਝ ਦੇਰ ਗੁਣ ਗੁਣਾਉਣ ਪਿਛੋਂ ਉਹ ਇਕ ਦਮ ਆਖਣ ਲੱਗਾ, “ਸਰਦਾਰ ਜੀ, ਕੋਈ ਗਲ ਬਾਤ ਸੁਣਾਉ, ਚੁਪ ਕਿਉਂ ਕਰ ਗਏ।”

"ਤੂੰ ਹੀ ਸੁਣਾ ਕੁਝ, ਨਿਤ ਨਵੇਂ ਤੋਂ ਨਵੇਂ ਬੰਦੇ ਨਾਲ ਤੇਰਾ ਵਾਹ ਪੈਂਦਾ ਏ, ਨਵੇਂ ਤੋਂ ਨਵੇਂ ਨਿਤ ਤਜਰਬੇ ਕਰਦਾ ਹੋਵੇਂਗਾ।'

"ਤਜਰਬੇ ਦੀ ਭਲੀ ਆਖੀ ਏ ਤੁਸਾਂ। ਮੇਰੇ ਜਿੰਨਾ ਅਮਲੀ ਤਰਜਬਾ ਤਾਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਵੀ ਨਹੀਂ ਹੋਣਾ। ਮੈਂ ਤਾਂ ਹੈਰਾਨ ਹਾਂ, ਇਹ ਕਾਂਗਰਸੀ ਕਰਦੇ ਕੀ ਨੇ, ਪਤਾ ਨਹੀਂ ਜੇਹਲਾਂ ਵਿੱਚ ਰਹਿਣ ਕਰਕੇ ਇਨ੍ਹਾਂ ਦੇ ਦਿਮਾਗ ਫੇਲ ਹੋ ਗਏ ਨੇ। ਪੰਜਾਂ ਸਾਲਾਂ ਅੰਦਰ ਇਨ੍ਹਾਂ ਕੀਤਾ ਏ। ਭੁਖ ਨੰਗ ਹੋਰ ਵਧਾ ਦਿੱਤੀ ਏ।"

'ਪ੍ਰਧਾਨ ਮੰਤਰੀ ਤੈਨੂੰ ਬਣਾ ਦੇਣਾ ਚਾਹੀਦਾ ਸੀ', ਮੇਰੇ ਦੋਸਤ ਨੇ ਮਖੌਲ ਨਾਲ ਹਸ ਕੇ ਆਖਿਆ।

'ਜੇ ਇਨ੍ਹਾਂ ਪੰਜਾਂ ਸਾਲਾਂ ਵਿਚ ਮੈਂ ਪ੍ਰਧਾਨ ਮੰਤਰੀ ਹੁੰਦਾ, ਤਾਂ ਅਜ ਹਿੰਦੁਸਤਾਨ ਦੀ ਕਾਇਆਂ ਪਲਟ ਦਿੰਦਾ। ਪੰਜ ਸਾਲ ਕੋਈ ਥੋੜ੍ਹਾ ਸਮਾਂ ਨਹੀਂ ਹੁੰਦਾ। ਇਹ ਕੁਝ ਨਹੀਂ ਕਰਨ ਜੋਗੇ। ਸਰਦਾਰ ਜੀ, ਮੈਂ ਬੜੀ ਜ਼ਿੰਦਗੀ ਦੇਖੀ ਏ, ਬੜੇ ਪਾਪੜ ਵੇਲੇ ਨੇ। ਕੋਈ ਕੰਮ ਐਸਾ ਨਹੀਂ ਹੋਣਾ ਜਿਹੜਾ ਮੈਂ ਨਾ ਕੀਤਾ ਹੋਵੇ, ਕੋਈ ਫੈਲ ਐਸਾ ਨਹੀਂ ਜਿਸ ਵਿਚ ਮੈਂ ਨਾ ਫਸ ਚੁੱਕਾ ਹੋਵਾਂ!'

'ਫੇਰ ਤਾਂ ਤੂੰ ਸੱਤਾਂ ਪਤਣਾ ਦਾ ਤਾਰੂ ਏਂ।

ਤਾਰੂ ਕੀ ਹੋਣਾ ਏ, ਸਰਦਾਰ ਸਾਹਬ ਮੱਛੀ ਪੱਥਰ ਚਟ ਕੇ ਅਖੀਰ ਮੁੜਦੀ ਏ। ਭੈੜੀ ਤੋਂ ਭੈੜੀ ਅਤੇ ਚੰਗੀ ਤੋਂ ਚੰਗੀ ਐਸ਼ਾਂ ਭਰੀ ਜ਼ਿੰਦਗੀ ਭੋਗ ਕੇ ਅਖੀਰ ਇਸ ਸਿੱਟੇ ਤੇ ਪੁੱਜਾ ਹਾਂ ਕਿ ਸਾਦਾ ਘਰੇਲੀ ਜ਼ਿੰਦਗੀ ਵਰਗਾ ਹੋਰ ਕਿਧਰੇ



ਸੁਖ ਤੇ ਰਸ ਨਹੀਂ। ਜਿੰਨੀਆਂ ਖਾਹਸ਼ਾਂ ਵਧਾਉ ਵਧਦੀਆਂ ਜਾਂਦੀਆਂ ਨੇ, ਜਿੰਨੀ ਕਾਮ ਵਾਸ਼ਨਾਂ ਭੜਕਾਉ, ਭੜਕਦੀ ਜਾਂਦੀ ਏ, ਪਰ ਕਿਸੇ ਤਰ੍ਹਾਂ ਵੀ ਮਨ ਨੂੰ ਸ਼ਾਂਤੀ ਨਹੀਂ ਮਿਲਦੀ।

ਮੈਂ ਆਪਣੀ ਜ਼ਿੰਦਗੀ ਦੀ ਤੁਹਾਨੂੰ ਮੁਖਤਸਿਰ ਕਹਾਣੀ ਦਸਦਾਂ। ਮੈਂ ਇਕ ਰੱਜੇ ਪੁੱਜੇ ਇੰਜੀਨੀਅਰ ਦਾ ਇਕਲੌਤਾ ਲੜਕਾ ਸਾਂ। ਬੜੇ ਰੁਪਏ ਕਮਾਏ ਮੇਰੇ ਪਿਤਾ ਨੇ, ਲੱਖਾਂ ਦੀ ਜਾਇਦਾਦ ਬਣਾ ਕੇ ਛਡ ਗਿਆ ਸੀ। ਕੁਝ ਮਾਪਿਆਂ ਦੇ ਅਯੋਗ ਲਾਡ ਨੇ ਤੇ ਕੁਝ ਪਿਤਾ ਦੀ ਲਾਪ੍ਰਵਾਹ ਤਬੀਅਤ ਨੇ ਮੇਰਾ ਜੀਵਨ ਨਸ਼ਟ ਕਰ ਦਿੱਤਾ। ਖੈਰ ਦਸਵੀਂ ਤਕ ਤਾਂ ਮੈਂ ਕਾਫ਼ੀ ਚੰਗਾ ਰਿਹਾ। ਕਾਲਜ ਵਿੱਚ ਦਾਖ਼ਲ ਹੁੰਦੇ ਸਾਰ ਮੈਨੂੰ ਦੋ ਸੌ ਰੁਪਿਆ ਕਿਤਾਬਾਂ ਆਦਿ ਲਈ ਜੇਬ ਖਰਚ ਮਿਲਣ ਲਗ ਪਿਆ। ਮੇਰੇ ਪਿਤਾ ਨੇ ਕਾਲਜ ਜਾਣ ਲਈ ਮੋਟਰ ਸਾਈਕਲ ਵਖ ਲੈ ਦਿੱਤਾ। ਪੜ੍ਹਨਾ ਭਲਾ ਫੇਰ ਕਿਸ ਨੇ ਸੀ. ਮੋਟਰ ਸਾਈਕਲ ਦੇ ਪਰਾਂ ਨਾਲ ਮੈਂ ਸਾਰੇ ਲਾਹੌਰ ਤੇ ਛਾ ਗਿਆ। ਸਾਰਾ ਸਾਰਾ ਦਿਨ ਜਾਂ ਹੋਟਲਾਂ ਵਿੱਚ ਜਾਂ ਸਕੂਲਾਂ ਕਾਲਜਾਂ ਦੀਆਂ ਅਵਾਰਾ ਕੁੜੀਆਂ ਦੀ ਭਾਲ ਵਿਚ ਗੁਜ਼ਰਦਾ ਸੀ। ਦੋ ਸੌ ਰੁਪਏ ਕੁਝ ਚਿਰ ਪਿਛੋਂ ਬਹੁਤ ਥੋੜ੍ਹੇ ਮਲੂਮ ਹੋਣ ਲਗ ਪਏ।

ਸੌ ਦੋ ਸੌ ਰੁਪਿਆ ਫੇਰ ਮੈਂ ਭੋਲੀ ਮਾਂ ਨੂੰ ਪਤਿਆ ਕੇ ਲੈ ਜਾਣ ਲਗ ਪਿਆ। ਜਿਸ ਵੇਲੇ ਹੋਰ ਵੀ ਖਰਚ ਵਧ ਗਿਆ ਤਾਂ ਘਰੋਂ ਚੀਜ਼ਾਂ ਚੋਰੀ ਕਰਨੀਆਂ ਸ਼ੁਰੂ ਕਰ ਦਿੱਤੀਆਂ। ਸਰਦਾਰ ਜੀ, ਐਸ਼ ਇਸ਼ਰਤ ਦਾ ਵੀ ਕੋਈ ਹਦ ਬੰਨਾਂ ਏਂ?

ਮੇਰੀ ਭੈੜੀ ਕਿਸਮਤ ਨੂੰ ਪਿਤਾ ਜੀ ਦਾ ਦਿਹਾਂਤ

ਹੋ ਗਿਆ। ਫੇਰ ਮੈਨੂੰ ਕੌਣ ਰੋਕਣ ਵਾਲਾ ਸੀ। ਐਫ. ਏ. ਫੇਰ ਕਿਸ ਨੇ ਪਾਸ ਕਰਨਾ ਸੀ। ਟਿੱਬੀ ਬਾਜ਼ਾਰ (ਲਾਹੌਰ) ਵਿੱਚ ਜੂਏ ਦੀ ਬਾਜ਼ੀ ਲੱਗੀ ਰਿਹਾ ਕਰੇ ਸਾਰਾ ਦਿਨ। ਮਾਂ ਤੋਂ ਰੁਪਏ ਭੋਟਣ ਲਈ ਕਈ ਉਸ਼ਟੰਡ ਰਚੇ। ਕਦੇ ਹੋਟਲ ਖਰੀਦਣ ਦਾ ਬਹਾਨਾ ਤੇ ਕਦੇ ਮੋਟਰਾਂ ਦਾ ਕਾਰਖਾਨਾ ਖੋਲ੍ਹਣ ਦੀ ਚਲਾਕੀ। ਕਈ ਦਫ਼ਾ ਮਾਂ ਨੂੰ ਮੇਰੇ ਲੇਟ ਰਾਤ ਨੂੰ ਸ਼ਰਾਬ ਪੀ ਕੇ ਆਉਣ ਤੇ ਸ਼ਕ ਜ਼ਰੂਰ ਪੈਂਦਾ, ਪਰ ਮੈਂ ਦੂਜੇ ਦਿਨ ਗਲ ਨੂੰ ਟਾਲ ਟੂਲ ਛਡਦਾ।

ਇਕ ਵਾਰ ਸਾਡੇ ਇਕ ਭਲੇ ਗੁਆਂਢੀ ਨੇ ਮਾਂ ਨੂੰ ਮੇਰੀਆਂ ਸਾਰੀਆਂ ਕਰਤੂਤਾਂ ਤੋਂ ਜਾਣੂੰ ਕਰਵਾ ਦਿੱਤਾ। ਮਾਂ ਬੜੀ ਖਿਝੀ ਕਲਪੀ। ਉਸ ਨੇ ਅਗੇ ਨੂੰ ਹਥ ਵੀ ਘੁਟ ਲਿਆ। ਮੇਰੇ ਲਈ ਬੜੀ ਮੁਸੀਬਤ ਬਣ ਗਈ। ਕੁਝ ਦਿਨ ਮੈਂ ਬੜਾ ਤੰਗ ਫੰਗ ਰਿਹਾ, ਹੁਧਾਰ ਸੁਧਾਰ ਫੜ ਫੜਾ ਕੇ ਆਪਣਾ ਝਸ ਪੂਰਾ ਕਰਦਾ ਰਿਹਾ। ਅਖੀਰ ਇਕ ਦਿਨ ਮੈਨੂੰ ਪੈਸਿਆਂ ਵਲੋਂ ਸਖਤ ਤੰਗੀ ਆ ਗਈ। ਮਾਂ ਨੇ ਬੜੇ ਤਰਲੇ ਮਿੰਨਤਾਂ ਪਿਛੋਂ ਇਕ ਸ਼ਰਤ ਤੇ ਮੈਨੂੰ ਦੋ ਤਿੰਨ ਹਜ਼ਾਰ ਰੁਪਿਆ ਦੇਣਾ ਮੰਨਿਆਂ। ਸ਼ਰਤ ਇਹ ਕਿ ਮੈਂ ਵਿਆਹ ਕਰਵਾ ਲਵਾਂ। ਮੈਂ ਝਟ ਮੰਨ ਗਿਆ। ਮੈਨੂੰ ਤਾਂ ਰੁਪਏ ਚਾਹੀਦੇ ਸਨ। ਮੰਗਣੀ ਮੇਰੀ ਹੋ ਗਈ, ਪਰ ਵਿਆਹ ਨੂੰ ਮੈਂ ਸਾਲ ਛੇ ਮਹੀਨੇ ਟਾਲ ਛਡਿਆ।

ਪਤਨੀ ਮੇਰੀ ਇਕ ਚੰਗੇ ਘਰਾਣੇ ਦੀ ਸੁਸ਼ੀਲ ਲੜਕੀ ਸੀ। ਪਰ ਜਿਨ੍ਹਾਂ ਦਾ ਵਾਹ ਚੰਚਲ ਤੇ ਸ਼ੋਖ, ਇਸਤ੍ਰੀਆਂ ਨਾਲ, ਜੋ ਗਲ ਗਲ ਨਾਲ ਸੌ ਨਖਰੇ ਕਰਨ,



ਪੈ ਚੁੱਕਾ ਹੋਵੇ, ਉਹ ਭਲਾ ਕਿਸ ਤਰ੍ਹਾਂ ਘਰ ਵਿੱਚ ਬਝ ਸਕਦਾ ਹੈ। ਮੇਰੀ ਮਾਂ ਵਾਂਗ ਮੇਰੀ ਵਹੁਟੀ ਵੀ ਮੇਰੇ ਰਾਹ ਵਿਚ ਰੋਕ ਨਾ ਪਾ ਸਕੀ। ਪਰ ਮੇਰੀ ਗਰਾਵਟ ਤੇ ਲਾਪ੍ਰਵਾਹੀ ਦਾ ਉਸ ਦੀ ਸਿਹਤ ਤੇ ਦਿਨੋਂ ਦਿਨ ਬਹੁਤ ਬੁਰਾ ਅਸਰ ਪੈਣ ਲਗ ਪਿਆ। ਮੇਰੀ ਮਾਂ ਤਾਂ ਅਖੀਰ ਇਸੇ ਝੋਰੇ ਵਿਚ ਝੁਰ ਝੁਰ ਕੇ ਮਰ ਗਈ। ਮੇਰੀ ਵਹੁਟੀ ਰੁਸ ਕੇ ਪੇਕੇ ਘਰ ਚਲੀ ਗਈ। ਮੇਰੇ ਲਈ ਸਗੋਂ ਰਸਤਾ ਸਫ਼ਾ ਹੋ ਗਿਆ। ਹੁਣ ਘਰ ਵਿੱਚ ਹੀ ਮਹਿਫ਼ਲ ਗਰਮ ਹੋਣ ਲਗ ਪਈ। ਨਿਤ ਨਵੀਂ ਤੋਂ ਨਵੀਂ ਪਰੀ ਘਰ ਵਿੱਚ ਪ੍ਰਵੇਸ਼ ਕਰਨ ਲਗ ਪਈ।

ਗਲ ਕੀ, ਸਰਦਾਰ ਜੀ, ਦੋ ਚੌਂਹ ਸਾਲਾਂ ਵਿੱਚ ਸਾਰੀ ਜਾਇਦਾਦ ਬਿਲੇ ਲਗ ਗਈ। ਇਕ ਦਫ਼ਾ ਮੈਂ ਸਖਤ ਬੀਮਾਰ ਪੈ ਗਿਆ। ਸਭ ਯਾਰ ਦੋਸਤ ਫ਼ਸਲੀ ਬਟੇਰਿਆਂ ਵਾਂਗ ਉਡ ਪੁਡ ਗਏ। ਮੇਰੀ ਘਰ ਵਾਲੀ ਨੂੰ ਕਿਸੇ ਤਰ੍ਹਾਂ ਮੇਰੀ ਬੀਮਾਰੀ ਦਾ ਪਤਾ ਲਗ ਗਿਆ। ਉਸ ਨੇ ਆ ਕੇ ਰੱਜ ਕੇ ਸੇਵਾ ਕੀਤੀ। ਪੂਰੇ ਛੇ ਮਹੀਨੇ ਪਿਛੋਂ ਮੈਨੂੰ ਆਰਾਮ ਆਇਆ। ਨਾਲ ਹੀ ਮੇਰੀ ਹੋਸ਼ ਵੀ ਪਰਤ ਆਈ। ਬੀਮਾਰੀ ਤੋਂ ਬਿਨਾਂ ਪੈਸਿਆਂ ਦੀ ਤੰਗੀ ਨੇ ਮਨ ਨੂੰ ਆਪਣੇ ਆਪ ਟਕਾਣੇ ਲੈ ਆਂਦਾ।

ਕੁਝ ਮਹੀਨੇ ਤਾਂ ਸਹੁਰਿਆਂ ਦੇ ਆਸਰੇ ਕੰਮ ਚਲਦਾ ਗਿਆ, ਪਰ ਆਖਰ ਕਿੰਨਾਂ ਕੁ ਚਿਰ। ਜਦੋਂ ਭੁਖ ਦਾ ਦੁਖ ਸਹੌਣ ਲੱਗਾ ਤਾਂ ਕਦੇ ਇਕ ਕੰਮ ਫੜਾਂ ਕਦੇ ਦੂਜਾ, ਪਰ ਕਿਸੇ ਵਿਚ ਵੀ ਪੂਰੀ ਨਾ ਪਵੇ। ਕੰਮ ਦੀ ਤਲਾਸ਼ ਵਿਚ ਕਦੇ ਬੰਬਈ ਤੇ ਕਦੇ ਕਲਕੱਤੇ। ਮੁਲਕ ਦਾ ਕੋਈ ਸ਼ਹਿਰ ਨਾ

ਛਡਿਆ। ਕਈ ਸਾਲ ਟਕਰਾਂ ਮਾਰਨ ਪਿਛੋਂ ਅਖੀਰ ਕਾਲਕਾ ਵਿਚ ਇਕ ਸਰਦਾਰ ਦਾ ਡਰਾਈਵਰ ਬਣ ਗਿਆ। ਤੇ ਚਹੁੰ ਮਹੀਨਿਆਂ ਵਿਚ ਹਾਲਤ ਸੁਧਰੀ ਤਾਂ ਪਤਨੀ ਨੂੰ ਵੀ ਲਾਹੌਰ ਤੋਂ ਇਥੇ ਮੰਗਵਾ ਲਿਆ। ਪੂਰੇ ਸਤਾਰ੍ਹਾਂ ਸਾਲ ਹੋ ਗਏ ਨੇ ਮੈਨੂੰ ਕਾਲਕਾ ਤੋਂ ਸ਼ਿਮਲੇ ਕਾਰ ਚਲਾਉਂਦਿਆਂ।'

'ਤਾਹੀਓਂ ਤੇ ਤੂੰ ਇਸ ਸੜਕ ਦੇ ਚੱਪੇ ਚੱਪੇ ਦਾ ਵਾਕਫ ਏਂ।'

'ਇਸ ਸੜਕ ਤੇ ਤਾਂ ਮੈਂ ਅੱਖਾਂ ਬੰਦ ਕਰਕੇ ਮੋਟਰ ਚਲਾ ਸਕਦਾ ਹਾਂ।'

'ਇਹ ਮੋਟਰ ਤੇਰੀ ਆਪਣੀ ਏਂ ?'

'ਜੀ ਹਾਂ ਆਪਣੀ ਆਂ। ਥੋੜ੍ਹਾ ਚਿਰ ਹੀ ਮੈਂ ਉਸ ਸਰਦਾਰ ਦੀ ਨੌਕਰੀ ਕੀਤੀ ਸੀ। ਉਸ ਪਿਛੋਂ ਕਿਸ਼ਤਾਂ ਤੇ ਸੈਕੰਡ ਹੈਂਡ ਆਪਣੇ ਯਾਰ ਬੇਲੀ ਤੋਂ ਇਕ ਗੱਡੀ ਲੈ ਲਈ ਸੀ। ਉਸ ਪਿਛੋਂ ਕਈ ਗੱਡੀਆਂ ਬਦਲ ਚੁੱਕਾ ਹਾਂ। ਇਹ ਗੱਡੀ ਦੋ ਕੁ ਸਾਲ ਹੋਏ ਇਕ ਸਾਹਿਬ ਤੋਂ ਬੜੀ ਸਸਤੀ ਪੰਜ ਹਜ਼ਾਰ ਨੂੰ ਖਰੀਦੀ ਸੀ। ਹੋਰ ਵੀ ਕਾਫ਼ੀ ਜਾਇਦਾਦ ਬਣਾ ਲਈ ਹੈ। ਮਕਾਨ ਘਰ ਦਾ ਹੈ। ਸੁੱਚੀ ਕਿਰਤ ਕਰਨ ਵਾਲੇ ਕਾਮੇ ਨੂੰ ਕੋਈ ਘਾਟਾ ਨਹੀਂ।'

'ਕਿੰਨੇ ਕੁ ਬੱਚੇ ਨੇ ਤੇਰੇ ਹੁਣ ?'

'ਸਿਰਫ ਦੋ–ਇਕ ਲੜਕਾ ਤੇ ਇਕ ਲੜਕੀ। ਬੇਸੁਰੇ ਬੱਚੇ ਪੈਦਾ ਕਰਨ ਦਾ ਕੋਈ ਫਾਇਦਾ ਨਹੀਂ, ਸਰਦਾਰ ਜੀ। ਬਹੁਤੇ ਬੱਚਿਆਂ ਵਿਚ ਕੁਝ ਤਾਂ ਉਨ੍ਹਾਂ ਮਾਸੂਮਾਂ ਦੀ ਜ਼ਿੰਦਗੀ ਖਰਾਬ, ਕੁਝ ਆਪਣਾ ਜੀਵਨ ਤਲਖ। ਹੁਣ



ਮੈਂ ਆਪਣੇ ਦੋਹਾਂ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਦੀ ਸਿਹਤ, ਉਨ੍ਹਾਂ ਦੀਆਂ ਹਰਕਤਾਂ ਬੜੇ ਧਿਆਨ ਵਿਚ ਰਖਦਾ ਹਾਂ। ਬਚਿਆਂ ਦੀ ਮੁਢਲੀ ਜ਼ਿੰਦਗੀ ਮਾਪਿਆਂ ਦੇ ਹੱਥਾਂ ਵਿਚ ਹੁੰਦੀ ਏ। ਘਰ ਵਿਚ ਜੋ ਜੀ ਆਉਂਦਾ ਖਾਣ, ਬਾਹਰ ਮੈਂ ਉਨ੍ਹਾਂ ਨੂੰ ਇਕ ਪੈਸਾ ਤਕ ਨਹੀਂ ਦਿੰਦਾ।'

'ਸਾਰਾ ਦਿਨ ਤੇ ਤੂੰ ਬਾਹਰ ਰਹਿੰਦਾ ਏਂ, ਉਨ੍ਹਾਂ ਦੀ ਨਗਰਾਨੀ ਕਿਹੜੇ ਵੇਲੇ ਕਰਦਾ ਹੋਵੇਂਗਾ ?'

'ਮੈਂ ਹਫਤੇ ਵਿਚ ਇਕ ਦਿਨ ਜ਼ਰੂਰ ਛੁੱਟੀ ਕਰਦਾਂ। ਉਸ ਦਿਨ ਘਰ ਬਾਰ, ਬੀਵੀ ਬਚਿਆਂ ਦੀ ਖੂਬ ਵੇਖ ਭਾਲ ਕਰਦਾਂ। ਮੇਰੇ ਪਿਉ ਨੇ ਤਾਂ ਮੇਰੀ ਜ਼ਿੰਦਗੀ ਬਰਬਾਦ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ, ਮੈਂ ਕਿਉਂ ਉਨ੍ਹਾਂ ਦੀ ਜ਼ਿੰਦਗੀ ਤਬਾਹ ਹੋਣ ਦਿਆਂ। ਮੈਂ ਉਨ੍ਹਾਂ ਨੂੰ ਵਧ ਤੋਂ ਵਧ ਤਾਲੀਮ ਦਿਆਂਗਾ। ਪਰ ਕੀਤਾ ਕੀ ਜਾਵੇ, ਸਰਦਾਰ ਸਾਹਬ, ਸਕੂਲਾਂ ਵਿਚ ਪੜ੍ਹਾਉਂਦੇ ਕੁਝ ਨਹੀਂ। ਸਾਲ ਵਿਚ ਪੰਜ ਛੇ ਮਹੀਨੇ ਤਾਂ ਪਹਿਲੋਂ ਛੁਟੀਆਂ ਹੀ ਰਹਿੰਦੀਆਂ ਨੇ। ਉਨ੍ਹਾਂ ਵਿਚ ਬੱਚੇ ਪਿਛਲਾ ਵੀ ਭੁਲਾ ਦਿੰਦੇ ਨੇ। ਮਾਸਟਰ ਵੀ ਬੜੇ ਹਰਾਮ ਖੋਰ ਹੋ ਗਏ ਨੇ, ਵਕਤ ਹੀ ਟਪਾਉਂਦੇ ਨੇ।'

ਅਸੀਂ ਦੋਵੇਂ ਤ੍ਰਭਕੇ ਦੋਵੇਂ ਹੀ ਮਾਸਟਰ ਸਾਂ। "ਜਿੰਨੀ ਕੁ ਤਨਖਾਹ ਮਿਲਦੀ ਏ, ਉੱਨਾਂ ਕੁ ਹੀ ਉਨ੍ਹਾਂ ਧਿਆਨ ਦੇਣਾ ਏਂ।"

'ਭਾਵੇਂ ਕਿਸੇ ਬੰਨੇ ਨੁਕਸ ਹੋਵੇ, ਪਰ ਇਹ ਤੁਹਾਨੂੰ ਮੰਨਣਾ ਪਵੇਗਾ ਕਿ ਪੜ੍ਹਾਈ ਦਾ ਇੰਤਜ਼ਾਮ ਸਾਡੇ ਮੁਲਕ

ਵਿੱਚ ਨਹਾਇਤ ਹੀ ਨਾਕਸ ਏ। ਮਾਸਟਰਾਂ ਨੂੰ ਬਚਿਆਂ ਦੀ ਪੜ੍ਹਾਈ ਨਾਲ ਕੋਈ ਦਿਲਚਸਪੀ ਨਹੀਂ। ਇਕ ਦਿਨ ਮੇਰੇ ਲੜਕੇ ਨੂੰ ਕੋਈ ਸਵਾਲ ਨਾ ਆਇਆ। ਮਾਸਟਰ ਨੇ ਦੋ ਚਪੇੜਾਂ ਠੋਕ ਕੇ ਉਸ ਨੂੰ ਕਲਾਸ ਤੋਂ ਬਾਹਰ ਕਢ ਦਿਤਾ। ਬੱਚਾ ਰੋਂਦਾ ਹੋਇਆ ਘਰ ਆਇਆ। ਉਸਦੀ ਮਾਂ ਬੜੀ ਦੁਖੀ ਹੋਈ।

ਮਾਸਟਰ ਦੀ ਮੂਰਖ ਮਤ ਤੇ ਮੈਨੂੰ ਗੁੱਸਾ ਤਾਂ ਬੜਾ ਆਇਆ: ਹੈਡਮਾਸਟਰ ਮੇਰਾ ਚੰਗਾ ਜਾਣੂ ਸੀ, ਮੈਂ ਉਸ ਅਗੇ ਵੀ ਕੋਈ ਸ਼ਕਾਇਤ ਨਾ ਕੀਤੀ। ਦੂਜੇ ਦਿਨ ਬਿਨਾ ਮਾਸ-ਟਰ ਦੇ ਕੁਝ ਆਖਣ ਦੇ ਬੱਚੇ ਨੂੰ ਜਮਾਤ ਵਿਚ ਬਿਠਾ ਆਇਆ। ਮਾਸਟਰ ਤਾੜ ਗਿਆ ਤੇ ਅਗੇ ਵਾਸਤੇ ਸੰਭਲ ਗਿਆ। ਜੇ ਸ਼ਕਾਇਤ ਕਰਦਾ ਤਾਂ ਉਸ ਨੇ ਮੁੰਡੇ ਦੇ ਹੋਰ ਵੈਰ ਪੈ ਜਾਣਾ ਸੀ। ਸੋਚਣ ਵਾਲੀ ਗਲ ਏ, ਪਈ ਜੇ ਬੱਚੇ ਨੂੰ ਕੁਝ ਨਹੀਂ ਆਉਂਦਾ ਤਾਂ ਉਸ ਨੂੰ ਪਿਆਰ ਨਾਲ ਸਮਝਾ ਦੇਣਾ ਚਾਹੀਦਾ ਏ, ਨਾ ਕਿ ਮਾਰ ਕੇ ਕਢ ਦੇਣਾ ਚਾਹੀਦਾ ਏ।

ਤਾਲੀਮ ਦੇ ਮਹਿਕਮੇ ਦੀ ਗਲ ਨਹੀਂ, ਸਭ ਮਹਿਕ-ਮਿਆਂ ਵਿਚ ਏਹੋ ਸੁਆਹ ਉਡਦੀ ਏ। ਸਾਰਾ ਇੰਤਜ਼ਾਮ ਈ ਢਿੱਲਾ ਪੈ ਗਿਆ ਏ। ਪਿਛੇ ਜਹੇ ਇਕ ਪਿੰਡ ਵਿਚ ਗਿਆ, ਰਾਤ ਵੇਲੇ ਭੰਗੀ ਇਕ ਪੀਪੇ ਨਾਲ ਡੌਂਡੀ ਪਿਟਦਾ ਫਿਰੇ ਕਿ ਇਸ ਹਫਤੇ ਸਰਕਾਰ ਵਲੋਂ ਹੁਕਮ ਹੋਇਆ ਹੈ ਕਿ ਵਧ ਤੋਂ ਵਧ ਦਰਖਤ ਉਗਾਓ।

ਅਗੋਂ ਜ਼ਿਮੀਂਦਾਰ ਮਖੌਲ ਕਰਨ।ਅਗਲੇ ਤਾਂ ਸਾਂਭ ਲਵੇ। ਅਗੇ ਸਰਕਾਰੀ ਸੜਕਾਂ ਦੇ ਦਰਖਤਾਂ ਵਲ ਕੋਈ ਝਾਕ ਨਹੀਂ ਸੀ ਸਕਦਾ,ਹੁਣ ਜਿਸ ਦਾ ਜੀ ਕਰਦਾ ਏ ਦਰਖਤ ਵਢ ਲੈਂਦਾ



ਕੋਈ ਪੁਛ ਪ੍ਰਤੀਤ ਨਹੀਂ। ਪਿੰਡਾਂ ਵਿਚ ਬੜੀ ਜਾਗਰਤ ਪੈਦਾ ਹੋ ਗਈ ਏ। ਉਹ ਜ਼ਮਾਨੇ ਗਏ ਜਦੋਂ ਸਰਕਾਰ ਪੇਂਡੂਆਂ ਨੂੰ ਬੁੱਧੂ ਬਣਾ ਲੈਂਦੀ ਸੀ। ਅਸਲ ਵਿਚ, ਸਰਦਾਰ ਜੀ, ਮੁਲਕੀ ਪ੍ਰਬੰਧ ਹੁੰਦਾ ਡਰ ਭਉ ਦਾ ਜਾਂ ਫੇਰ ਜਨਤਾ ਚੰਗੀ ਪੜ੍ਹੀ ਲਿਖੀ ਸਿਆਣੀ ਹੋਵੇ ਜਿਹੜੀ ਆਪਣੇ ਫਰਜ਼ਾਂ ਨੂੰ ਸਮਝੇ। ਸਦੀਆਂ ਦੀ ਗੁਲਾਮ ਜਨਤਾ ਭਲਾ ਇਕ ਦਮ ਕਿਸ ਤਰ੍ਹਾਂ ਸਿਆਣੀ ਬਣ ਜਾਵੇ। ਸੋ ਇਕ ਦਮ ਡਰ ਭਉ ਚੁਕ ਦੇਣਾ ਵੀ ਖਤਰਨਾਕ ਏ।

ਹਾਲਤ ਦਰੁਸਤ ਕਿੱਦਾਂ ਹੋਵੇ। ਸਾਡੇ ਵੱਡੇ ਵੱਡੇ ਲੀਡਰਾਂ ਨੂੰ ਜ਼ਿੰਦਗੀ ਦਾ ਕੋਈ ਅਮਲੀ ਤਜਰਬਾ ਨਹੀਂ। ਤਜਰਬਾ ਹੋਵੇ ਵੀ ਕਿਸ ਤਰ੍ਹਾਂ, ਅਮੀਰ ਦੇ ਘਰ ਪੈਦਾ ਹੋਏ, ਵਲੈਤ ਵਿਚ ਪੜ੍ਹੇ, ਜਿਹਲਾਂ ਵਿਚ ਵੀ ਕਿਤਾਬਾਂ ਪੜ੍ਹਨ ਲਿਖਣ ਵਿੱਚ ਵਕਤ ਗੁਜ਼ਾਰਦੇ ਰਹੇ। ਇਨ੍ਹਾਂ ਨੂੰ ਲੋਕਾਂ ਦੀ ਅਸਲ ਜ਼ਿੰਦਗੀ ਦੀ ਕੋਈ ਸਮਝ ਨਹੀਂ। ਜਿਸ ਨੇ ਕਦੇ ਭੁਖ ਦਾ ਦੁਖ ਨਾ ਦੇਖਿਆ ਹੋਵੇ ਉਹ ਕਦੇ ਭੁਖੇ ਦਾ ਦੁਖ ਮਹਿਸੂਸ ਨਹੀਂ ਕਰ ਸਕਦਾ। ਹਰ ਮਹਿਕਮੇ ਵਿਚ ਰਿਸ਼ਵਤ ਵਧ ਰਹੀ ਏ। ਲੀਡਰ ਪਤਾ ਨਹੀਂ ਅੱਖਾਂ ਬੰਦ ਕਰਕੇ ਬੈਠੇ ਨੇ।

ਅੱਗੇ ਪੁਲੀਸ ਤੇ ਫ਼ੌਜ ਵਿਚ ਹੌਲੀ ਹੌਲੀ ਤਰੱਕੀ ਕਰਕੇ ਉਪਰ ਚੜ੍ਹਦੇ ਸਨ, ਉਨ੍ਹਾਂ ਅਫਸਰਾਂ ਨੂੰ ਹਰ ਗਲ ਦਾ ਤਜਰਬਾ ਹੁੰਦਾ ਸੀ। ਹੁਣ ਵਡੇ ਵਡੇ ਅਫਸਰਾਂ ਤੇ ਅਮੀਰਾਂ ਵਜ਼ੀਰਾਂ ਦੇ ਅਲ੍ਹੜ ਮੁੰਡੇ ਸਿਧੇ ਲੈਫਟੀਨੈਂਟ ਜਾਂ ਪੁਲੀਸ ਇਨੈਸਪੈਕਟਰ ਭਰਤੀ ਹੋ ਜਾਂਦੇ ਨੇ, ਇਸੇ ਕਰਕੇ ਸਾਰੇ ਪ੍ਰਬੰਧ ਢਿਲੇ ਹੋ ਰਹੇ ਨੇ।

ਆਪਣੀ ਜ਼ਿੰਦਗੀ ਵਲ ਜ਼ਰਾ ਨਜ਼ਰ ਮਾਰੋ ਖਾਂ। ਜ਼ਿੰਦਗੀ ਦਾ ਮਿਆਰ ਕਿੰਨਾ ਗਿਰ ਗਿਆ ਏ। ਗੁੰਡਾ ਗਰਦੀ ਸਗੋਂ ਦਿਨੋ ਦਿਨ ਵਧ ਰਹੀ ਏ। ਰੰਡੀਆਂ ਦੇ ਬਾਜ਼ਾਰ ਚੁਕਣ ਨਾਲ ਸਗੋਂ ਹਾਲਤ ਹੋਰ ਵਿਗੜ ਗਈ ਏ। ਅਗੇ ਲੁਚੇ ਲਫੰਗਿਆਂ ਦਾ ਅੱਡਾ ਉਨ੍ਹਾਂ ਦੇ ਬਾਜ਼ਾਰ ਸਨ। ਹੁਣ ਉਹੀ ਗੁੰਡੇ ਆਪਣੇ ਗੁਆਂਢੀਆਂ ਦੀਆਂ ਧੀਆਂ ਭੈਣਾਂ ਨੂੰ ਦਿਨ ਰਾਤ ਤਾੜਦੇ ਨੇ। ਮਹੱਲਾ ਮਹੱਲਾ ਕੰਜਰਖਾਨਾ ਬਣ ਗਿਆ ਏ। ਅਜ ਕਲ ਸਕੂਲਾਂ ਕਾਲਜਾਂ ਦੇ ਮੁੰਡੇ ਜੰਮਦੇ ਪਿਛੋਂ ਨੇ ਖੰਬ ਪਹਿਲੋਂ ਲਗ ਜਾਂਦੇ ਨੇ। ਇਹ ਸਭ ਮਾਂ ਬਾਪ ਜਾਂ ਆਂਢੀਆਂ ਗੁਆਂਢੀਆਂ ਦਾ ਅਸਰ ਜੇ।'

ਸਾਡਾ ਦੋਹਾਂ ਦਾ ਬਦੋ ਬਦੀ ਹਾਸਾ ਨਿਕਲ ਗਿਆ।

'ਕਿਉਂ, ਕੁਝ ਝੂਠ ਆਖਿਆ ਤਾਂ ਦਸੋ।' 'ਬਿਲਕੁਲ ਨਹੀਂ, ਸ਼ਾਨੂੰ ਸਗੋਂ ਤੇਰੀ ਸੱਚੀ ਗੱਲ ਤੇ ਹਾਸਾ ਆਇਆਂ ਏ।'

'ਸਭ ਸਚੀਆਂ ਨਿਤ ਦੀਆਂ ਅਮਲੀ ਗਲਾਂ ਨੇ। ਅਗੇ ਜਿਹੜਾ ਬਹੁਤ ਔਖਾ ਹੁੰਦਾ ਸੀ, ਉਹ ਲੁੱਚੇ ਬਾਜ਼ਾਰ ਵਿਚ ਜਾ ਕੇ ਲੰਗੋਟੀ ਢਿਲੀ ਕਰ ਆਉਂਦਾ ਸੀ, ਪਰ ਹੁਣ ਉਹ ਗਲੀ ਮਹੱਲਿਆਂ ਵਿਚ ਤੀਰ ਕੱਸੀ ਫਿਰਦਾ ਏ। ਹਾਲਤ ਤੇ ਆਪੇ ਵਿਗੜਨੀ ਹੋਈ।

ਸ਼ਰਾਬ ਦੀ ਬੰਦਸ਼ ਨਾਲ ਵੀ ਇਸ ਗੁੰਡਾ ਗਰਦੀ ਵਿਚ ਕੋਈ ਫ਼ਰਕ ਨਹੀਂ ਪਿਆ? ਕਾਨੂੰਨ ਨਾਲ ਨਹੀਂ ਜੀ ਕੋਈ ਬੁਰਾਈ ਬੰਦ ਹੁੰਦੀ। ਜਿੰਨਾ ਚਿਰ ਤਕ ਇਨਸਾਨ ਦੀ ਆਰਥਕ ਹਾਲਤ ਨਹੀਂ ਸੁਧਾਰੀ ਜਾਂਦੀ, ਇਖਲਾਕ ਸੁਧਰ ਹੀ ਨਹੀਂ ਸਕਦਾ। ਪਿੰਡਾਂ ਵਿਚ ਉਸੇ ਤਰ੍ਹਾਂ ਮਣੀ ਮੂੰਹੀਂ ਸ਼ਰਾਬ



ਨਿਕਲਦੀ ਏ। ਸਰਦਾਰ ਲੋਕ ਭਲਾ ਛਡ ਸਕਦੇ ਨੇ ਇਸ ਅੰਮ੍ਰਿਤਾ ਦੀ ਪੁਤਲੀ ਨੂੰ। ਮੁਆਫ਼ ਕਰਨਾ ਗੁੱਸਾ ਨਾ ਕਰਿਉ, ਸਰਦਾਰਾਂ ਵਿਚ ਜਿਥੇ ਬੇਅੰਤ ਖੂਬੀਆਂ ਨੇ ਉਥੇ ਨੁਕਸ ਵੀ ਬੜੇ ਨੇ। ਮੁਆਫ਼ ਕਰਨਾ ਮੈਂ ਗਰੀਬ ਮਜ਼ਦੂਰ ਲੋਕਾਂ ਦੀ ਗਲ ਨਹੀਂ ਕਰ ਰਿਹਾ ਵਡੇ ਵਡੇ ਸਰਦਾਰਾਂ ਦੀ ਕਰ ਰਿਹਾ ਹਾਂ। ਜਦੋਂ ਉਨ੍ਹਾਂ ਕੋਲ ਚਾਰ ਰੁਪਏ ਹੋ ਜਾਣ ਤਾਂ ਉਹ ਝਟ ਐਸ਼ ਇਸ਼ਰਤ ਵਿਚ ਫਸ ਜਾਂਦੇ ਨੇ। ਹਿੰਦੂ ਕੋਈ ਅਮੀਰ ਹੋਵੇਗਾ ਤਾਂ ਪੁੰਨ ਕਰੇਗਾ, ਕੋਈ ਸਕੂਲ ਖੋਲ੍ਹੇਗਾ ਜਾਂ ਵਿਆਹ ਤੇ ਹੀ ਲਾ ਦੇਵੇਗਾ। ਸਰਦਾਰਾਂ ਦੀ ਐਸ਼ ਦੀ ਗਲ ਸੁਣ ਲਉ। ਅਜੇ ਪਿਛਲੇ ਹਫਤੇ ਇਕ ਵੱਡਾ ਭਾਰਾ ਸਰਦਾਰ ਮੇਰੀ ਗਡੀ ਵਿਚ ਕਾਲਕਾ ਤੋਂ ਬੈਠਾ। ਨਾਲ ਉਸ ਦੇ ਇਕ ਨੌਜਵਾਨ ਲੜਕੀ ਸੀ। ਐਸਾ ਹੀ ਮਾਮਲਾ ਸੀ। ਮੈਂ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਕੀ ਲੈਣਾ ਏ ਉਸ ਦਾ ਨਾਮ, ਤਿੰਨ ਵਿਆਹ ਉਸ ਨੇ ਅਗੇ ਹੀ ਕੀਤੇ ਹੋਏ ਨੇ। ਬੜਾ ਐਸ਼ੀ ਪੱਠਾ ਏ। ਉਮਰ ਸਠਾਂ ਦੇ ਲਾਗੇ ਹੋਵੇਗੀ, ਪਰ ਦਿਲ ਅਜੇ ਪੱਠੇ ਦਾ ਜੁਆਨ ਏ। ਜਦੋਂ ਦੋ ਚਾਰ ਮੀਲ ਅਸੀਂ ਗਏ ਤਾਂ ਉਹ ਚੋਜ ਕਰਨ ਲਗ ਪਿਆ। ਮੈਂ ਵੀ ਸ਼ੀਸ਼ਾ ਠੀਕ ਕਰਕੇ ਸੁਆਦ ਲੈਂਦਾ ਰਿਹਾ। ਪਰ ਉਹ ਵਧਦਾ ਹੀ ਜਾਂਦਾ ਸੀ। ਅਖੀਰ ਮੈਨੂੰ ਮੋਟਰ ਖੜੀ ਕਰਨੀ ਪਈ। ਮੈਂ ਹਥ ਜੋੜ ਕੇ ਉਸ ਨੂੰ ਆਖਿਆ, "ਸਰਦਾਰ ਸਾਹਿਬ, ਤੁਸੀਂ ਇਥੇ ਉਤਰ ਜਾਵੋ, ਮੈਂ ਕੋਈ ਕਰਾਇਆ ਵਗੈਰਾ ਨਹੀਂ ਲੈਂਦਾ। ਕੋਈ ਹੋਰ ਗੱਡੀ ਆਵੇਗੀ ਉਸ ਵਿਚ ਚੜ੍ਹ ਜਾਣਾ।" ਉਸ ਨੇ ਬਥੇਰਾ ਮੈਨੂੰ ਪੈਸਿਆਂ ਦਾ ਲਾਲਚ ਦਿੱਤਾ। ਐਨਾ ਬੇਸਬਰਾ ਬੰਦਾ ਮੈਂ ਕੋਈ ਨਹੀਂ ਦੇਖਿਆ।

ਲਓ ਜੀ ਸਰਦਾਰ ਜੀ, ਕਾਲਕਾ ਦਾ ਸਟੇਸ਼ਨ ਆ ਗਿਆ ਏ। ਅਠ ਵਜੇ ਨੇ ਅਜੇ ਕੁਲ।''

ਅਸੀਂ ਬੇਹਦ ਹੈਰਾਨ ਸਾਂ ਕਿ ਐਨੀ ਛੇਤੀ ਕਿਸ ਤਰ੍ਹਾਂ ਆ ਗਏ। ਅਸੀਂ ਕਾਰ ਵਿਚੋਂ ਇਸ ਤਰ੍ਹਾਂ ਬਾਹਰ ਨਿਕਲੇ ਜਿਵੇਂ ਪੂਰੇ ਦੋ ਢਾਈ ਘੰਟੇ ਨੀਊਥੇਟਰ ਦੀ ਕੋਈ ਵਾਸਤਵਕ ਜੀਵਨ ਚਿਤ੍ਰਨ ਵਾਲੀ ਪਿਕਚਰ ਵੇਖ ਕੇ ਨਿਕਲੇ ਹੁੰਦੇ ਹਾਂ। ਅਸੀਂ ਉਸ ਨੂੰ ਕਰਾਇਆ ਦਿੱਤਾ, ਉਹ ਝਟ ਪਟ ਕਾਰ ਲੈ ਕੇ ਚਲਾ ਗਿਆ।

ਯਾਰ ਬੜਾ ਉਸਤਾਦ ਏ। ਕਿੰਨਾ ਸਾਨੂੰ ਗੱਲਾਂ ਵਿਚ ਰੁਝਾਈ ਰਖਿਆ। ਸਫਰ ਦਾ ਪਤਾ ਵੀ ਨਹੀਂ ਲੱਗਾ।

ਸੱਤਾਂ ਪਤਣਾਂ ਦਾ ਤਾਰੂ ਜੋ ਸੀ।



# ਮਾਛਣ ਦੀ ਧੀ

੪

# ਮਾਛਣ ਦੀ ਧੀ

ਪਿੱਪਲ ਦੇ ਸਿਖਰ ਤੋਂ ਜਦੋਂ ਸੂਰਜ ਦੀਆਂ ਕਿਰਨਾਂ ਮੇਰੀਆਂ ਅੱਖਾਂ ਨੂੰ ਚੁੱਭੀਆਂ, ਮੈਂ ਝਟ ਪਟ ਉਠ ਬੈਠਾ। ਆਲਾ ਦੁਆਲਾ ਦੇਖ ਕੇ ਸ਼ਰਮਿੰਦਗੀ ਦਾ ਮਾਰਾ ਛੇਤੀ ਛੇਤੀ ਕੋਠੇ ਤੋਂ ਹੇਠ ਨੂੰ ਉਤਰਨ ਦੀ ਸੋਚ ਹੀ ਰਿਹਾ ਸਾਂ, ਜਦੋਂ ਮੇਰੀ ਨਜ਼ਰ ਕੋਠੀ ਦੇ ਹਾਲ ਕਮਰੇ ਉਤੇ ਲੰਮੀਆਂ ਤਾਣੀ ਸੁਤੇ ਹੋਏ ਬੰਗਾਲੀ ਬਾਬੂਆਂ ਉਤੇ ਪਈ। ਮੈਨੂੰ ਜ਼ਰਾ ਹੌਸਲਾ ਹੋ ਗਿਆ। ਮੈਂ ਕੋਠੀ ਦੇ ਚੌਫੇਰੇ ਮੁਜ਼ਾਰਿਆਂ ਤੇ ਕੰਮੀ ਕਮੀਣਾ ਦੇ ਕੱਚੇ ਕੋਠਿਆਂ ਅਤੇ ਢਾਰਿਆਂ ਉਤੇ ਨਜ਼ਰ ਮਾਰੀ, ਸਿਵਾਏ ਨਿਆਣਿਆਂ ਤੋਂ ਮੈਨੂੰ ਕੋਈ ਸੁੱਤਾ ਪਿਆ ਨਾ ਦਿਸਿਆ। ਫੇਰ ਸੁੱਤੇ ਹੋਏ ਬਾਬੂਆਂ ਵਲ ਦੇਖ ਕੇ ਮੈਂ ਮਨ ਵਿਚ ਕਹਿਣ ਲੱਗਾ–

'ਉਹ ਤੇ ਬਾਬੂ ਨੇ ੨੦ ਮੁਰਬਿਆਂ ਵਾਲੇ ਚੱਕ ਦੇ

ਮਾਲਕ ਅਤੇ ਲੱਖਾਂ ਪਤੀ, ਅਤੇ ਮੈਂ ਇਕ ਗਰੀਬ ਮੁਜ਼ਾਰੇ ਦਾ ਪੁਤਰ ਜਿਸ ਦੇ ਭਰਾ ਭਾਈ ਤੜਕੇ ਦੇ ਕੰਮਾਂ ਕਾਰਾਂ ਤੇ ਗਏ ਹੋਏ ਨੇ ਅਤੇ ਜਿਸ ਦੀਆਂ ਭੈਣਾਂ ਭਰਜਾਈਆਂ ਤੇ ਵੱਡ ਵਡੇਰੀਆਂ ਮਧਾਣੀਆਂ ਫੇਰਦੀਆਂ ਤੇ ਗੋਹਾ ਚੁਕਦੀਆਂ ਫਿਰਦੀਆਂ ਨੇ। ਬਹੁਤੀ ਮਾਯਾ ਨੇ ਉਨ੍ਹਾਂ ਬਾਬੂਆਂ ਨੂੰ ਨਿਕੰਮਾ ਬਣਾ ਦਿੱਤਾ ਏ, ਤੇ ਮੈਨੂੰ ਕੇਹੜਾ ਪੜ੍ਹਾਈ ਨੇ ਕੰਮ ਜੋਗਾ ਰਹਿਣ ਦਿੱਤਾ ਏ। ਗੋਡੀ ਮੈਂ ਨਹੀਂ ਕਰ ਸਕਦਾ, ਮੁੰਨਾ ਮੈਨੂੰ ਨਹੀਂ ਫੜਨਾ ਆਉਂਦਾ ਤੇ ਨੱਕਾ ਮੋੜਨ ਦੀ ਮੈਨੂੰ ਜਾਚ ਨਹੀਂ, ਪਰ ਫੇਰ ਵੀ ਘਰ ਵਾਲੇ ਆਪਣੇ ਵਿਹਲੜ ਤੇ ਨਿਕੰਮੇ ਲੜਕੇ ਤੇ ਖੁਸ਼ ਹੁੰਦੇ ਸਨ, ਜਦੋਂ ਵੀ ਮੈਂ ਛੁਟੀਆਂ ਵਿਚ ਘਰ ਜਾਂਦਾ ਸਾਂ।''

ਸਾਹਮਣੇ ਕੋਠੇ ਉਤੇ ਰਹੀਮਾਂ ਤੇਲਣ ਛੰਨੇ ਵਿਚੋਂ ਹਥ ਭਿਉਂ ਭਿਉਂ ਕੇ ਆਪਣੇ ਮੁੰਡੇ ਦੀਆਂ ਕਿੱਦੀਆਂ ਤੇ ਸੁੱਜੀਆਂ ਹੋਈਆਂ ਅੱਖਾਂ ਖੋਹਲ ਰਹੀ ਸੀ। ਉਸ ਨੇ ਮੇਰੇ ਵਲ ਦੇਖਿਆ, ਮੈਨੂੰ ਇਉਂ ਮਲੂਮ ਹੋਇਆ ਕਿ ਆਖ ਰਹੀ ਹੈ,– ''ਕਾਕਾ ਤੂੰ ਵੀ ਜਾਗ ਪਿਆ ਏਂ।'

ਮੈਥੋਂ ਹੋਰ ਸਹਾਰਾ ਨਾ ਹੋ ਸਕਿਆ। ਚਪਲਾਂ ਅੜਾਉਣ ਲਈ ਅਣਦੇਖੇ ਹੀ ਲੱਤਾਂ ਹੇਠ ਨੂੰ ਲੰਮਕਾਈਆਂ ਤੇ ਕਾਫੀ ਕੋਸ਼ਸ਼ ਦੇ ਬਾਵਜੂਦ ਪੈਰ ਚਪਲਾਂ ਨੂੰ ਨਾ ਛੂਹੇ।

'ਮਾਂ ਜੀ ਮੇਰੀਆਂ ਚਪਲਾਂ ਹੇਠਾਂ ਲੈ ਗਿਆ ਏ, ਕੋਈ?'

'ਕਾਕਾ ਹੇਠ ਤੇ ਕਿਸੇ ਨਹੀਂ ਖੜੀਆਂ।'

'ਫੇਰ ਕੌਣ ਲੈ ਗਿਐ।'



'ਬੱਸ, ਰੰਡੀ ਮਾਛਣ ਦੀ ਧੀ ਦੇ ਕਾਰੇ ਨੇ।' ਮੇਰੀ ਨਿੱਕੀ ਭੈਣ ਝਟ ਬੋਲ ਪਈ।

'ਕਾਕਾ, ਮੈਂ ਤੈਨੂੰ ਰਾਤ ਆਖਿਆ ਸੀ ਨਾ, ਨਵੀਆਂ ਚਪਲਾਂ ਨੇ, ਹੇਠਾਂ ਉਤਾਰ ਜਾ।'

'ਮਾਛਣ ਦੀ ਧੀ ਭਲਾ ਮੇਰੀਆਂ ਚਪਲਾਂ ਕਿਉਂ ਚੁਕ ਕੇ ਲੈ ਗਈ।' ਮੈਂ ਦਿਲ ਵਿਚ ਸੋਚਣ ਲੱਗਾ। ਮੇਰਾ ਉਸ ਨਾਲ ਨਾ ਲਾਗ ਨਾ ਤਾਗ, ਨਾ ਜਾਣ ਤੇ ਨਾ ਪਛਾਣ। ਕਿਤੇ ਮੇਰੇ ਸਹੁਰਿਆਂ ਦੀ ਲੜਕੀ ਨਾ ਹੋਵੇ ਕੋਈ। ਸਾਹਮਣੇ ਦੋ ਕੁੜੀਆਂ ਸਿਰਾਂ ਉਤੇ ਗੋਹੇ ਦੇ ਟੋਕਰੇ ਚੁੱਕੀ ਖੜੀਆਂ ਮੇਰੇ ਵਲ ਦੇਖ ਦੇਖ ਕੁਝ ਘੁਸਰ ਮੁਸਰ ਕਰ ਰਹੀਆਂ ਸਨ। ਮੈਨੂੰ ਇਉਂ ਅਨੁਭਵ ਹੋਣ ਲੱਗਾ ਕਿ ਉਨ੍ਹਾਂ ਵਿਚੋਂ ਇਕ ਜ਼ਰੂਰ ਮਾਛਣ ਦੀ ਧੀ, ਮੇਰੀ ਸਾਲੀ ਹੈ। ਮੈਂ ਝਟ ਪਟ ਨੰਗੇ ਪੈਰੀਂ ਹੇਠ ਉਤਰਿਆ ਅਤੇ ਆਪਣੇ ਬੂਟ ਪਾ ਕੇ ਬਾਹਰ ਪੈਲੀਆਂ ਵਲ ਚਲਾ ਗਿਆ। ਮੇਰੀ ਮਾਂ ਤੇ ਭੈਣ ਬਰਾਬਰ ਚਪਲਾਂ ਦੀ ਭਾਲ ਵਿਚ ਲਗੀਆਂ ਰਹੀਆਂ। ਪਰ ਮੈਨੂੰ ਮਾਛਣ ਦੀ ਧੀ ਦੀ ਇਹ ਦਲੇਰੀ ਭਰੀ ਮਸਖਰੀ ਸਗੋਂ ਨਸ਼ਿਆ ਰਹੀ ਸੀ।

ਕਾਫ਼ੀ ਦੇਰ ਪਿਛੋਂ ਜਦੋਂ ਮੈਂ ਹਾਤੇ ਅੰਦਰ ਵੜਿਆ ਤਾਂ ਕੋਠੀ ਦੇ ਬਾਹਰ ਵਾਰ ਬੰਦਿਆਂ ਦੀ ਚੋਖੀ ਭੀੜ ਲਗੀ ਹੋਈ ਸੀ। ਕਿੱਕਰ ਦੀ ਦਾਤਣ ਚਬਦਾ ਹੋਇਆ ਮੈਂ ਵੀ ਉਧਰ ਚਲਾ ਗਿਆ। ਇਕ ਸਿਆਣੇ ਜਹੇ ਬੰਦੇ ਨੇ ਮੈਨੂੰ ਹੈਰਾਨੀ ਵਿਚ ਖੜਾ ਦੇਖ ਮੇਰੇ ਕੰਨ ਵਿਚ ਕਿਹਾ ''ਮੁਸੱਲੀਆਂ ਦਾ ਜਮਾਲਾ ਕੁਟੀਂਦਾ ਏ। ਰਾਤ ਉਹਨੇ ਮਾਲਕਾਂ ਦੀ ਇਕ ਬੱਤਖ ਤੇ ਆਂਡੇ ਚੁਰਾ ਲਏ ਨੇ।'

ਨੱਥੂ ਰਾਮ ਮੁਨਸ਼ੀ ਆਪਣੀ ਵਫ਼ਾਦਾਰੀ ਜਤਲਾਉਂਦਾ ਹੋਇਆ ਪੱਕੀ ਸੋਲ੍ਹੀ ਦੁਖੱਲੀ ਜੁਤੀ ਦਬਾ ਦਬ ਮਾਰ ਰਿਹਾ ਸੀ। ਜਮਾਲੇ ਦਾ ਬੁੱਢਾ ਪਿਉ ਨਮੋਸ਼ੀ ਤੇ ਡਰ ਨਾਲ ਸਹਿਮਿਆ ਹੋਇਆ ਅੰਦਰ ਹੀ ਅੰਦਰ ਰੋ ਰਿਹਾ ਸੀ। ਜਮਾਲੇ ਦੀ ਮਾਂ ਪਰੇ ਦਰਵਾਜ਼ੇ ਵਿਚ ਖੜੀ ਦੋ ਹੱਥੀਂ ਪਿੱਟ ਰਹੀ ਸੀ। ਭਾਵੇਂ ਚੱਕ ਦੇ ਸਭ ਮੁਖੀ ਤੇ ਸਿਆਣੇ ਬੰਦੇ ਉਥੇ ਇਕੱਠੇ ਹੋਏ ਹੋਏ ਸਨ, ਪਰ ਮਜਾਲ ਏ ਕਿਸੇ ਦੀ ਜੋ ਕੋਈ ਚੂੰ ਵੀ ਕਰ ਜਾਵੇ। ਸਗੋਂ ਕਈ ਆਪਣੇ ਮਾਲਕਾਂ ਨੂੰ ਖੁਸ਼ ਕਰਨ ਲਈ ਵਿੱਚ ਵਿੱਚ ਟੋਰਾ ਲਾਉਂਦੇ ਸਨ—'ਅਨਰਥ ਜਿਹਾ ਅਨਰਥ! ਮਾਲਕਾਂ ਦੀ ਬੱਤਖ ਅਤੇ ਅੱਧੀ ਦਰਜਨ ਆਂਡਿਆਂ ਦੀ ਚੋਰੀ। ਦਿਨ ਦੀਵੇ ਹਨੇਰ!

ਭਾਵੇਂ ਉਨ੍ਹਾਂ ਵਿਚੋਂ ਕਈ ਸਮਝਦੇ ਸਨ ਕਿ ਘਟੋ ਘਟ ਬਤਖ ਜਮਾਲੇ ਨੇ ਨਹੀਂ ਚੁਰਾਈ, ਪਰ ਇਹ ਆਖਣ ਦੀ ਦਲੇਰੀ ਕੌਣ ਕਰੇ। ਉਨ੍ਹਾਂ ਗਰੀਬਾਂ ਦਾ ਆਪਣਾ ਸਾਹ ਸੁੱਕਾ ਹੋਇਆ ਸੀ। ਮਾਲਕਾਂ ਨੇ ਅਜ ਸਭ ਮੁਜ਼ਾਰਿਆਂ ਨਾਲ ਅਗਲੇ ਸਾਲ ਲਈ ਨਵੇਂ ਪਟੇ ਕਰਨੇ ਸਨ। ਉਨ੍ਹਾਂ ਦੀ ਤਾਂ ਆਪਣੀ ਕਿਸਮਤ ਦਾ ਅਜ ਫੈਸਲਾ ਹੋਣਾ ਸੀ, ਉਹ ਕਿਸੇ ਦੀ ਮੁਸੀਬਤ ਗਲ ਕਿਉਂ ਪੁਆਂਦੇ।

ਵੱਡੇ ਬਾਬੂ ਨੂੰ ਸ਼ਾਇਦ ਕੁਝ ਤਰਸ ਆ ਗਿਆ, ਬਿਨਾਂ ਪੁਛ ਪੜਤਾਲ ਤੋਂ ਇਸ ਨੇ ਝਟ ਫੈਸਲਾ ਸੁਣਾ ਦਿੱਤਾ— 'ਬਸ ਮਾਰਨਾ ਬੰਦ ਕਰ ਦੋ, ਇਨ ਕੋ ਫੌਰਨ ਚੱਕ ਸੇ ਨਿਕਾਲ ਦੋ।' ਜਜ ਦੇ ਇਹ ਸਾਧਾਰਨ ਬੇਮਸੂਸੇ ਸ਼ਬਦ ਇਕ ਟੱਬਰ ਦੀ ਜ਼ਿੰਦਗੀ ਤੇ ਮੌਤ ਦਾ ਸਵਾਲ ਬਣ ਗਏ। ਇਹ ਫੈਸਲਾ ਸੁਣ ਕੇ ਕਈ ਜ਼ਿਮੀਂਦਾਰ ਵੀ ਅਪਣਾ ਭਵਿਖ ਚੇਤੇ ਕਰਕੇ



ਕੰਬ ਗਏ, ਸ਼ਾਇਦ ਉਨ੍ਹਾਂ ਵਿਚੋਂ ਵੀ ਕਿਸੇ ਨੂੰ ਹੋਰ ਕਿਸੇ ਮਾਲਕ ਦੇ ਵਟਾਈ ਲਈ ਤਰਲੇ ਕਰਨੇ ਪੈਣੇ ਸਨ। ਪਰ ਮੁਨਸ਼ੀ ਨੂੰ ਜਿਨ੍ਹਾਂ ਨੇ ਖੁਸ਼ ਕੀਤਾ ਹੋਇਆ ਸੀ, ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਡਰ ਨਹੀਂ ਸੀ।

ਇਕ ਬਿਰਧ ਬਾਬੇ ਦੇ ਆਖੇ ਸ਼ਬਦ ਰੌਲੇ ਗੌਲੇ ਵਿਚ ਹੀ ਗੁੰਮ ਹੋ ਗਏ "ਅੰਡੇ ਤਾਂ ਸ਼ਾਇਦ ਭੁਖੇ ਮਰਦੇ ਨੇ ਚੁਕ ਖੜੇ ਹੋਣਗੇ, ਪਰ ਬੱਤਖ ਉਨ ਚੁਕੀ ਨਹੀਂ ਲਭਦੀ, ਇਹ ਜ਼ਰੂਰ ਮਾਛਣ ਦੀ ਧੀ ਦਾ ਕਾਰਾ ਏ।' ਇਹ ਸੁਣਦੇ ਸਾਰ ਮੇਰੇ ਪੈਰਾਂ ਹੇਠੋਂ ਧਰਤੀ ਨਿਕਲ ਗਈ। ਮਾਛਣ ਦੀ ਧੀ ਚੋਰ ਵੀ ਏ! ਉਸ ਦੀ ਬਾਬਤ ਹੋਰ ਜਾਨਣ ਲਈ ਮੈਂ ਬੜਾ ਉਤਾਵਲਾ ਹੋ ਗਿਆ ਅਤੇ ਉਸੇ ਵੇਲੇ ਘਰ ਵਲ ਨੂੰ ਤੁਰ ਪਿਆ। ਰਸਤੇ ਵਿਚ ਮੈਨੂੰ ਇਕ ਬਦਸੂਰਤ ਜਿਹੀ ਕੁੜੀ ਮਿਲੀ, ਮੈਨੂੰ ਇਉਂ ਜਾਪਿਆ ਜਿਵੇਂ ਇਹੋ ਮਾਛਣ ਦੀ ਧੀ ਹੈ। ਚੰਗੀ ਕੁੜੀ ਕਤੇ ਚੋਰੀ ਨਹੀਂ ਕਰਦੀ। ਭੈੜੇ ਦਿਲ ਦਾ ਹੀ ਭੈੜੀ ਸ਼ਕਲ ਨਾਲ ਸੰਬੰਧ ਹੋ ਸਕਦਾ ਹੈ, ਅਮਲਾਂ ਤੋਂ ਹੀ ਬੰਦੇ ਦੀ ਨੀਵੀਂ ਜਾਤ ਹੋ ਜਾਂਦੀ ਹੈ। ਜਨਮ ਤੋਂ ਕੋਈ ਨੀਚ ਨਹੀਂ ਹੁੰਦਾ।

ਮਾਂ ਜੀ, ਨਹੀਂ ਲੱਭੀਆਂ ਫੇਰ ਚਪਲਾਂ।

ਕਿੱਥੇ ਪੁਤ, ਉਹਦੇ ਚੱਟੇ ਵੀ ਕਦੇ ਹਰੇ ਹੋਏ ਐ।

ਮਾਂ ਜੀ, ਭਲਾ ਇਹੋ ਜਹੀ ਚੋਟੀ ਨੂੰ ਕਿਉਂ ਪਿੰਡ ਵਿਚ ਰਖਿਆ ਹੋਇਆ ਏ।

ਬਥੇਰੀ ਕੋਸ਼ਸ਼ ਕਰਦੇ ਨੇ, ਪਰ ਉਹ ਕਿਸੇ ਦੀ ਪੇਸ਼ ਨਹੀਂ ਜਾਣ ਦਿੰਦੀ।

ਬੜੀ ਅਜੀਬ ਗਲ ਏ।

ਇਸ ਦੀ ਮਾਂ ਵੀ ਬੜੀ ਚਾਲਾਕ ਹੁੰਦੀ ਸੀ, ਪਰ ਇਸ ਨੇ ਤਾਂ ਹਦ ਹੀ ਮੁਕਾ ਛਡੀ ਐ। ਪਿੰਡ ਵਿਚ ਚੋਰ ਚਕਾਰ ਦਾ ਐਨਾ ਡਰ ਨਹੀਂ, ਜਿੰਨਾ ਇਸ ਭੈੜੀ ਦਾ ਭੈ ਐ।

ਇਸ ਦੀ ਮਾਂ ਮਰ ਚੁੱਕੀ ਏ?

ਬੜੇ ਜਤਨਾਂ ਨਾਲ ਪਿਛੇ ਜਹੇ ਗੋਲੀਆਂ ਪਾ ਕੇ ਮਾਰੀ ਸੀ, ਪਰ ਇਹ ਚੰਦਰੀ ਫੇਰ ਵੀ ਬਚ ਗਈ, ਸਾਨੂੰ ਤਾਂ ਸਮਝ ਨਹੀਂ ਆਉਂਦੀ ਇਹ ਕਿਸ ਨਸਲ ਦੀ ਕੁੱਤੀ ਐ।

ਕੁੱਤਾ!-ਮੈਂ ਪੈ ਦੇ ਕੇ ਮੰਜੇ ਉਤੇ ਡਿਗ ਪਿਆ। ਬੜੀ ਮੁਸ਼ਕਲ ਨਾਲ ਅਪਣੇ ਜਜ਼ਬੇ ਨੂੰ ਲੁਕਾਂਦਾ ਹੋਇਆ ਪੁਛਣ ਲੱਗਾ–ਕੀ ਸ਼ਕਲ ਏ ਉਸ ਦੀ, ਮਾਂ ਜੀ? ਕਾਲੇ ਜਹੇ ਰੰਗ ਦੀ ਐ,ਪਤਲੀ ਛਿੰਗ, ਲੰਮਾ ਜਿਹਾ ਮੂੰਹ।

ਮਾਂ ਜੀ, ਇਸ ਨੂੰ ਮਾਛਣ ਦੀ ਧੀ ਕਿਉਂ ਕਹਿੰਦੇ ਨੇ? ਇਹਦੀ ਮਾਂ ਬਹੁਤ ਈ ਭਾਰੀ ਸੀ, ਦਰਜਨ ਕੁ ਬੱਚੇ ਦਿੰਦੀ ਸੀ ਤੇ.....ਮੈਨੂੰ ਇਹ ਅਲੰਕਾਰ ਸਮਝਣ ਵਿਚ ਦੇਰ ਨਾ ਲੱਗੀ। ਸਵੇਰੇ ਹੀ ਤਾਂ ਮੈਂ ਇਕ ਬਹੁਤ ਭਾਰੇ ਸਰੀਰ ਵਾਲੀ ਜ਼ਨਾਨੀ ਹਾਤੇ ਅੰਦਰ ਦੇਖੀ ਸੀ,ਜਿਸ ਦਾ ਸਰੀਰ ਥੱਲਕ ਥੱਲਕ ਕਰਦਾ ਸੀ ਤੇ ਜਿਹੜੀ ਸ਼ਾਇਦ ਦਰਜਨ ਕੁ ਨਿਆਣੇ ਜੰਮ ਚੁੱਕੀ ਸੀ।

ਹੂੰ! ਠੀਕ!

ਮੇਰਾ ਨਿੱਕਾ ਭਰਾ ਨੱਸਾ ਨੱਸਾ ਆਇਆ–

ਮਾਂ, ਮਾਂ, ਆਹ ਦੇਖ ਭਾ ਦੀ ਚਪਲ ਦਾ ਪੈਰ।

ਕਿਥੋਂ ਲਭਾ, ਪੁੱਤ?

ਬਤਖਾਂ ਦੇ ਖੁੱਡੇ ਕੋਲੋਂ।

ਹੈਂ! ਸਚ!!



ਮੈਂ ਉਸੇ ਵੇਲੇ ਉਹ ਪੈਰ ਲੈ ਕੇ ਬਾਣੂਆਂ ਕੋਲ ਲਿਜਾਣਾ ਚਾਹੁੰਦਾ ਸਾਂ, ਪਰ ਮਾਂ ਨੇ ਮੈਨੂੰ ਜ਼ੋਰੀ ਰੋਕ ਲਿਆ।

ਕਾਕਾ, ਅਜ ਮਰਬਿਆਂ ਦੇ ਨਵੇਂ ਪੱਟੇ ਹੋਣੇ ਨੇ। ਜੇ ਉਹ ਗੁਸੇ ਹੋ ਗਏ ਸਾਨੂੰ ਵੀ ਨਾ ਕਿਤੇ ਮੁਸੱਲੀਆਂ ਵਾਂਗ ਕਿਧਰੇ ਰੁਲਣਾ ਪਵੇ। ਮਾਪਿਆਂ ਦੀ ਇਸ ਮਜਬੂਰੀ ਨੇ ਮੇਰੇ ਗੁਸੇ ਨੂੰ ਠੰਡਾ ਕਰ ਦਿੱਤਾ।

ਜਿੰਦਰ, ਹੁਣ ਮਾਛਣ ਦੀ ਧੀ ਕਿਥੇ ਐ?

ਭਾ ਜੀ, ਉਹਦਾ ਕੁਝ ਪਤਾ ਲਗਦਾ? ਬੜੀ ਚਲਾਕ ਐ, ਦੂਰੋਂ ਦੇਖ ਕੇ ਬੰਦੇ ਨੂੰ ਪਛਾਣ ਲੈਂਦੀ ਐ। ਅਜੇ ਤਕ ਸਿਰਫ ਇਕ ਵਾਰ ਈ ਕਾਬੂ ਆਈ ਐ।

ਉਹ ਕਿਸ ਤਰ੍ਹਾਂ?

ਪਿਛੇ ਜਹੇ ਜਦ ਸੂਈ ਹੋਈ ਸੀ ਤਾਂ ਕਮਾਦ ਵਿਚ ਰਹਿੰਦੀ ਸੀ, ਸਾਰੇ ਪਿੰਡ ਦੇ ਬੰਦੇ ਗਏ, ਘੇਰਾ ਪਾ ਲਿਆ, ਤੇ ਬੜੀ ਮੁਸ਼ਕਲ ਨਾਲ ਫੜੀ। ਫੇਰ ਸਾਰਾ ਦਿਨ ਸੰਗਲ ਨਾਲ ਬੰਨ੍ਹੀ ਰੱਖੀ। ਤ੍ਰਕਾਲਾਂ ਨੂੰ ਇਕ ਬੋਰੀ ਵਿਚ ਬਚਿਆਂ ਸਮੇਤ ਪਾ ਕੇ ਡਾਕ ਬੰਗਲੇ ਛਡ ਆਏ। ਸਵੇਰੇ ਉਠੇ ਤਾਂ ਬਚੇ ਫੇਰ ਕਮਾਦ ਵਿਚ ਚਊਂ ਚਊਂ ਕਰਦੇ ਸਨ। ਫੇਰ ਲੋਕਾਂ ਨੇ ਬੜੀ ਕੋਸ਼ਿਸ਼ ਕੀਤੀ ਪਰ ਅਜੇ ਤਕ ਹਥ ਨਹੀਂ ਆਈ। ਭਾ, ਜਦੋਂ ਸੂਈ ਹੋਈ ਸੀ, ਲੋਂਦੀ ਫਿਰਦੀ ਹੁੰਦੀ ਸੀ। 'ਹੋਰ ਕੀ ਕਰਦੀ ਭੁੱਖੀ ਬਚਿਆਂ ਦੀ ਮਾਂ।' ਮੈਂ ਦਿਲ ਵਿਚ ਆਖਿਆ, ਭੁਖੇ ਬੰਦੇ ਨੂੰ ਰੋਟੀ ਨਾ ਮਿਲੇ ਤਾਂ ਉਹ ਚੋਰੀ ਨਾ ਕਰੇ ਤਾਂ ਹੋਰ ਕੀ ਕਰੇ।

ਕੋਈ ਦੋ ਤਿੰਨਾਂ ਦਿਨਾਂ ਪਿਛੋਂ ਇਕ ਸਵੇਰੇ ਸਾਰਾ ਚੱਕ ਕੋਠੀ ਦੀ ਪਿਛਲੀ ਕੰਧ ਦੇ ਲਾਗੇ ਇਕੱਠਾ ਹੋਇਆ

ਹੋਇਆ ਸੀ। ਹਰ ਬਚੇ ਬੁੱਢੇ ਨੂੰ ਮਾਛਣ ਦੀ ਧੀ ਦੇਖਣ ਦੀ ਤਾਂਘ ਸੀ। ਚੋਰ ਉਸ ਦੇ ਛਵੀ ਨਾਲ ਦੋ ਟੁਕੜੇ ਕਰਕੇ ਸੁਟ ਗਏ ਸਨ। ਜਿੰਨੇ ਮੂੰਹ ਉਨੀਆਂ ਗੱਲਾਂ, ਪਰ ਸਿਆਣੇ ਉਸ ਦੀ ਆਖਰੀ ਬਹਾਦਰੀ ਦੀ ਸਲਾਹੁਤਾ ਕਰਦੇ ਸਨ।

ਪਈ ਗਜ਼ਬ ਕਰ ਦਿੱਤਾ, ਮਾਛਣ ਦੀ ਧੀ ਨੇ, ਮਾਲਕਾਂ ਦਾ ਘਰ ਲੁੱਟਣ ਤੋਂ ਬਚਾ ਲਿਆ।

ਮੈਂ ਕਿਹਾ, ਜਮਾਲੇ ਨੇ ਸਚ ਕਰ ਵਿਖਾਇਆ, ਜਾਂਦਾ ਹੋਇਆ ਕਹਿੰਦਾ ਸੀ, ਮੈਂ ਵੀ ਇਨ੍ਹਾਂ ਬਾਬੂਆਂ ਨੂੰ ਲੁਟ ਕੇ ਛੱਡਾਂਗਾ। ਬੜਾ ਭੈੜਾ ਕੰਮ ਕੀਤਾ ਉਹਨੇ?

ਹੋਰ ਕੀ ਕਰਦਾ ਭੁੱਖਾ ਮਰਦਾ, ਉਨ੍ਹਾਂ ਵੀ ਕਿਹੜੀ ਘਟ ਕੀਤੀ ਸੀ ਉਹਦੇ ਨਾਲ!

ਚਾਚਾ, ਇਹ ਲੁਟ ਮਾਰ ਨਹੀਂ ਹੱਟ ਸਕਦੀ ਜਦੋਂ ਤਕ ਲੋਕੀ ਨੰਗੇ ਭੁਖੇ ਨੇ।

ਤੇ ਬਾਬੂ ਕਿਹੜੇ ਚੋਰਾਂ ਤੋਂ ਘਟ ਨੇ, ਥੋੜਾ ਲੁਟਦੇ ਨੇ ਸਾਨੂੰ। ਇਕੱਲੇ ਘਰ ਨੂੰ ਸਾਰੇ ਚਕ ਜਿੰਨੀ ਆਮਦਣੀ ਏ। ਢਿਡ ਭਰ ਕੇ ਸੂਕਦੇ ਰਹਿੰਦੇ ਨੇ ਸਾਰਾ ਦਿਨ। ਕੰਮੀਆਂ ਦੀ ਵਖ ਸ਼ਾਮਤ ਆ ਜਾਂਦੀ ਏ, ਜਦੋਂ ਆ ਜਾਂਦੇ ਨੇ ਲਾਹੌਰੋਂ।

ਮੇਰੇ ਤਾਂ ਸਾਰਾ ਦਿਨ ਪਖਾ ਖਿਚਦੇ ਦੇ ਹੱਟਣ ਵੀ ਪੈ ਗਏ ਨੇ।

ਚੁਪ ਕਰੋ ਓਇ ਮੁਨਸ਼ੀ ਆਉਂਦਾ ਏ ਪਿਆ।

"ਹੁਣ ਮੁਨਸ਼ੀ ਆਵੇ ਚਾਹੇ ਮਾਲਕ, ਮਾਛਣ ਦੀ ਧੀ ਜ਼ਖਮ ਕਰ ਗਈ ਏ ਦਿਲਾਂ 'ਚ। ਜਮਾਲੇ ਵਾਂਗ ਵਿਚੋ ਵਿੱਚ ਸਭ ਭਰੇ ਹੋਏ ਨੇ।" 'ਇਕ ਜਟ ਖਿਝਕੇ ਬੋਲਿਆ ਜਿਸ ਨੂੰ ਅਗਲੇ ਸਾਲ ਲਈ ਜ਼ਮੀਨ ਨਹੀਂ ਸੀ ਮਿਲੀ।



# ਨਵਾਂ ਜਨਮ

੫

# ਨਵਾਂ ਜਨਮ

ਅਸੀਂ ਸਟੇਸ਼ਨ ਤੇ ਜਾਣ ਲਈ ਸੜਕ ਕੰਢੇ ਖੜੇ ਕਿਸੇ ਟਾਂਗੇ ਜਾਂ ਮੋਟਰ ਰਕਸ਼ੇ ਦੀ ਉਡੀਕ ਕਰ ਰਹੇ ਸਾਂ। ਬਸ ਦੀ ਉਡੀਕ ਵਿਚ ਪਾਲ ਬੰਨ੍ਹੀ ਖੜੇ ਲੋਕਾਂ ਦੀ ਬੇਸਬਰੀ ਦੇ ਮੁਕਾਬਲੇ ਤੇ ਭਾਵੇਂ ਅਸੀਂ ਬਹੁਤ ਸ਼ਾਂਤ ਸਾਂ, ਫੇਰ ਵੀ ਫਾਸਲਿਆਂ ਦੇ ਸ਼ਹਿਰ ਦਿੱਲੀ ਵਿਚ ਬੱਸਾਂ ਦੇ ਨਾਕਸ ਪ੍ਰਬੰਧ ਦਾ ਸਾਨੂੰ ਪੂਰਾ ਅਨੁਭਵ ਸੀ ਅਤੇ ਇਹੋ ਮਸਲਾ ਸਾਡੀਆਂ ਗੱਲਾਂ ਦਾ ਵਿਸ਼ਾ ਬਣਿਆ ਹੋਇਆ ਸੀ। ਕੋਈ ਸਾਥੀ ਨਾਲ ਹੋਵੇ ਤਾਂ ਵਕਤ ਅਜਾਂਈਆਂ ਜਾਣ ਦੀ ਸ਼ਕਾਇਤ ਨਹੀਂ ਹੁੰਦੀ। ਇਕ ਇਕ ਤੇ ਦੋ ਯਾਰਾਂ ਹੁੰਦੇ ਹਨ।

ਕੁਝ ਚਿਰ ਪਿਛੋਂ ਇਕ ਮੁਸ਼ਕੀ ਰੰਗ ਦੇ ਤਕੜੇ ਘੋੜੇ ਵਾਲਾ ਇਕ ਨਵਾਂ ਨਕੋਰ ਤਾਂਗਾ ਆਇਆ।

ਸਟੇਸ਼ਨ ਚਲਣਾ ਭਈ?

ਜਿੱਧਰ ਆਖੋ ਲੱਤੇ ਚੱਲਾਂਗੇ ਬਾਦਸ਼ਾਹ।

ਕਿੰਨੇ ਪੈਸੇ ਸਟੇਸ਼ਨ ਦੇ?

ਜੋ ਰੂਹ ਕਰੇ ਦੇ ਦਿਓ, ਬੈਠਣ ਵਾਲੀ ਗਲ ਕਰੋ ਝਟਾਪਟ, ਸਿਪਾਹੀ ਸੀਟੀਆਂ ਮਾਰਦਾ ਪਿਆ ਏ।

ਸਭ ਤਾਂਗੇ ਵਾਲੇ ਪਹਿਲਾਂ ਇੱਦਾਂ ਈ ਕਹਿੰਦੇ ਨੇ, ਪਿਛੋਂ ਰੱਫੜ ਪਾ ਬਹਿੰਦੇ ਨੇ।

ਸਾਰੇ ਇਕੋ ਜਹੇ ਨਹੀਂ ਹੁੰਦੇ ਸਰਦਾਰ ਸਾਹਿਬ, ਸਾਡਾ ਕਿਹੜਾ ਇਹ ਜੱਦੀ ਪੇਸ਼ਾ ਏ। ਐਵੇਂ ਸ਼ੌਂਕ ਪੂਰਾ ਕਰਦੇ ਆਂ।

ਰੂਹ ਵਾਲਾ ਬੰਦਾ ਜਾਣ ਕੇ ਬਿਨਾਂ ਕਰਾਇਆ ਮੁਕਾਇਆਂ ਅਸੀਂ ਉਸ ਟਾਂਗੇ ਵਿਚ ਬੈਠ ਗਏ। ਉਸ ਨੇ ਘੋੜੇ ਨੂੰ ਚਟਕਾਰੀ ਮਾਰੀ—"ਜੀਂਦਾ ਰਹੁ ਪੁਤਰਾ, ਬਸ ਆਖਰੀ ਫੇਰਾ ਏ—ਚਲ ਸ਼ਾਬਾਸ਼ੇ ਜੁਆਨ ਦੇ।" ਘੋੜੇ ਨੇ ਨਾਸਾਂ ਫੂੰਕਾਰੀਆਂ ਤੇ ਫੇਰ ਕੰਨ ਚੁਕ ਕੇ ਝਟ ਆਪਣੀ ਚਾਲੇ ਲਗ ਗਿਆ।

ਸੁਣਾ ਭਈ, ਕਿੰਨਾ ਕੁ ਚਿਰ ਹੋਇਆ ਏ ਤਾਂਗਾ ਚਲਾਉਂਦਿਆਂ?

ਬਸ, ਪਾਕਿਸਤਾਨ ਬਨਣ ਪਿਛੋਂ ਹੀ ਇਹ ਕੰਮ ਫੜਿਆ ਏ। ਸਾਡੇ ਪਿਉ ਦਾਦੇ ਨੇ ਵੀ ਇਹੋ ਜਿਹਾ ਕੰਮ ਨਹੀਂ ਸੀ ਕੀਤਾ। ਕਿਹਨੂੰ ਪਤਾ ਸੀ ਕਿ ਘਰੋਂ ਬੇਘਰ ਹੋ ਕੇ ਇਹ ਕੰਮ ਵੀ ਕਰਨੇ ਪੈਣਗੇ।



ਰਫਿਊਜੀ ਭਾਈ ਜਾਣ ਕੇ ਮੇਰੇ ਮਿੱਤਰ ਨੇ ਹਮਦਰਦੀ ਨਾਲ ਪੁਛਿਆ, "ਪਿਛੇ ਘਰ ਕਿਥੇ ਸਨ?"

ਜੜ੍ਹਾਂ ਵਾਲੇ ਮੰਡੀ ਵਿਚ ਆੜ੍ਹਤ ਦੀ ਦੁਕਾਨ ਸੀ ਸਾਡੀ। ਬੜਾ ਕੰਮ ਚਲਦਾ ਸੀ।

'ਸੱਚ ਮੁਚ!' ਉਸ ਦੀ ਗਲ ਦਾ ਯਕੀਨ ਨਾ ਕਰਦੇ ਹੋਏ ਇਹ ਸ਼ਬਦ ਬਦੋ-ਬਦੀ ਮੇਰੇ ਮੂੰਹੋਂ ਨਿਕਲ ਗਏ, ਕਿਉਂਕਿ ਆਪਣੇ ਆਪ ਨੂੰ ਵਧ ਚੜ੍ਹ ਕੇ ਦੱਸਣ ਦਾ ਰਵਾਜ ਹੀ ਬਣ ਗਿਆ ਏ। ਭਾਵੇਂ ਪਿੱਛੇ ਝੋਟੇ ਹੀ ਕੁਟਦਾ ਆਇਆ ਹੋਵੇ, ਪਰ ਹਰ ਕੋਈ ਆਪਣੇ ਆਪ ਨੂੰ ਲੱਖਾਂ ਪਤੀ ਹੀ ਦਸਦਾ ਹੈ।

ਕੀ ਪੁਛਦੇ ਓ ਸਰਦਾਰ ਜੀ, ਐਸ਼ਾਂ ਕਰਦੇ ਸਾਂ। ਰੁਪਏ ਮੀਂਹ ਵਾਂਗ ਵਰ੍ਹਦੇ ਸਨ ਠਣਾ ਠਣ। ਆਲੇ-ਦੁਆਲੇ ਦਾ ਇਲਾਕਾ ਬੜਾ ਜ਼ਰਖੇਜ਼ ਸੀ। ਸਾਂਭੀ ਨਹੀਂ ਸੀ ਜਾਂਦੀ ਜਿਣਸ ਮੰਡੀ ਤੋਂ। ਗੱਡੇ ਤੇ ਗੱਡਾ ਚੜ੍ਹਿਆ ਰਹਿੰਦਾ ਸੀ।

ਮੈਂ ਵੀ ਦੇਖੀ ਹੋਈ ਏ ਜੜ੍ਹਾਂ ਵਾਲੇ ਦੀ ਮੰਡੀ। ਮੇਰੇ ਭਾਈ ਦੇ ਸਹੁਰੇ ਸਨ ਲਾਗਲੇ ਚੱਕ ਵਿਚ।

ਫੇਰ ਤਾਂ ਤੁਸੀਂ ਕਈ ਵਾਰ ਦੇਖਿਆ ਹੋਣਾ ਏ ਜੜ੍ਹਾਂ ਵਾਲਾ?

ਮੈਂ ਹਾਂ ਵਿਚ ਸਿਰ ਹਿਲਾਇਆ।

ਸ਼ੇਖੂ ਪੁਰੇ ਵਾਂਗ ਜੜ੍ਹਾਂ ਵਾਲਾ ਮੰਡੀ ਤੇ ਵੀ ਬੜਾ ਭਾਰੀ ਹੱਲਾ ਹੋਇਆ ਸੀ। ਮੇਰੇ ਦੋਸਤ ਨੇ ਸ਼ਾਇਦ "ਪੰਜਾਬ ਦਾ ਉਜਾੜਾ" ਪੁਸਤਕ ਦਾ ਹਵਾਲਾ ਦਿੰਦੇ ਹੋਏ ਕਿਹਾ।

ਜੀ ਹਾਂ, ਉਸੇ ਹੱਲੇ ਨੇ ਤਾਂ ਸਾਡਾ ਝੁੱਗਾ ਚੌੜ ਕੀਤਾ ਏ।

ਕਿਉਂ, ਕਿੰਨੇ ਕੁ ਜੀਆਂ ਦਾ ਨੁਕਸਾਨ ਹੋਇਆ ਏ ?

ਬਸ ਸਾਰੇ ਖਾਨਦਾਨ ਵਿਚੋਂ ਮੈਂ ਇਕੱਲਾ ਹੀ ਬਚ ਕੇ ਆਇਆਂ। ਉਹ ਵੀ ਮੰਗ ਵਿਚ ਹੋਣ ਕਰਕੇ। ਅਸੀਂ ਪੰਦਰਾਂ ਵੀਹ ਮੰਗੀ ਨੌਜਵਾਨਾਂ ਨੇ ਬੜਾ ਬਚਾ ਕੀਤਾ ਸੀ ਲੋਕਾਂ ਦਾ। ਸਭ ਤੋਂ ਅਖੀਰ ਨਿਕਲ ਕੇ ਆਏ ਸਾਂ ਪਰ ਖਾਲੀ ਹਥ। ਪਿਛਲੇ ਜਨਮ ਦੀ ਬਸ ਇਕੋ ਇਕ ਨਿਸ਼ਾਨੀ ਏ ਆਹ ਮੁੰਦਰੀ।

ਮੈਂ ਉਸ ਦੇ ਚਿਹਰੇ ਵਲ ਤਕ ਰਿਹਾ ਸਾਂ, ਪਰ ਉਥੇ ਉਦਾਸੀ ਤੇ ਗ਼ਮ ਦੇ ਕੋਈ ਨਿਸ਼ਾਨ ਨਹੀਂ ਸਨ। ਆਪਣੇ ਚਿਹਰੇ ਉਤੇ ਸਾਡੀਆਂ ਨਜ਼ਰਾਂ ਗੱਡੀਆਂ ਦੇਖ ਕੇ ਉਹ ਝਟ ਬੋਲ ਪਿਆ—ਸਰਦਾਰ ਜੀ, ਅਫਸੋਸ ਦੀ ਗੱਲ ਤਾਂ ਹੁੰਦੀ, ਜੇ ਮੇਰੇ ਇਕੱਲੇ ਨਾਲ ਹੋਈ ਹੋਵੇ। ਮੇਰੇ ਨਾਲੋਂ ਵੀ ਕਈਆਂ ਦੀ ਬਹੁਤ ਬੁਰੀ ਹਾਲਤ ਏ। ਮੈਂ ਤਾਂ ਫੇਰ ਸ਼ੁਕਰ ਕਰਦਾਂ ਪ੍ਰਮਾਤਮਾ ਦਾ, ਮਾਂ ਤੇ ਭੈਣਾਂ ਘਟੋ ਘਟ ਇੱਜ਼ਤ ਨਾਲ ਤਾਂ ਮਰੀਆਂ। ਨਹੀਂ ਤਾਂ ਲੋਕਾਂ ਦੀਆਂ ਅੱਖਾਂ ਸਾਹਮਣੇ ਤੀਵੀਆਂ ਦੀਆਂ ਉਹ ਉਹ ਬੇਇਜ਼ਤੀਆਂ ਹੋਈਆਂ ਨੇ ਕਿ ਕਲੇਜਾ ਮੂੰਹ ਨੂੰ ਆਉਂਦਾ ਸੁਣਾਉਂਦਿਆਂ। ਫੇਰ ਵੀ ਪ੍ਰਮਾਤਮਾ ਦਾ ਸ਼ੁਕਰ ਕਰੀਦਾ ਏ, ਵਾਹਵਾ ਝਟ ਲੰਘਦਾ ਜਾਂਦਾ ਏ।

ਬਹੁਤਿਆਂ ਦਾ ਤੇ ਅਜੇ ਵੀ ਬੁਰਾ ਹਾਲ ਏ।

ਇਹ ਤਾਂ ਗਲ ਠੀਕ ਆਖੀ ਏ—ਸਾਡੇ ਸ਼ਹਿਰ ਵਿਚ ਹੁੰਦਾ ਸੀ ਇਕ ਬ੍ਰਿਜੂ ਸ਼ਾਹ, ਤੀਜਾ ਹਿੱਸਾ ਮੰਡੀ ਦਾ ਮਾਲਕ ਸੀ, ਲੱਖਾਂ ਦੀ ਜਾਇਦਾਦ ਸੀ। ਉਹ ਵੀ ਮੇਰੇ ਵਾਂਗ ਇਕੱਲਾ ਬਚ ਕੇ ਆਇਆ ਏ। ਝੱਲਾ ਹੋਇਆ ਫਿਰਦਾ ਏ ਖਾਰੀ ਵੈਲੀ



ਵਿਚ ਅਜ ਕਲ੍ਹ। ਸੋ ਸਾਹਬ ਇਹੋ ਜਹੀ ਹਾਲਤ ਏ ਚੰਗੇ ਚੰਗੇ ਬੰਦਿਆਂ ਦੀ, ਅਸੀਂ ਕੀਹਦੇ ਪਾਣੀਹਾਰ ਆਂ। ਇਕ ਗੱਲੋਂ ਸਗੋਂ ਬੜੇ ਸੁਖੀ ਆਂ। ਅਖੇ ਢੱਗਾ ਨਾ ਵੱਛੀ ਤੇ ਨੀਂਦ ਆਵੇ ਅੱਛੀ। ਬਸ ਇਹ ਘੋੜਾ ਏ ਇਹਨੂੰ ਪੁਤਰਾਂ ਵਾਂਗ ਪਾਲੀਦਾ ਏ, ਇਹ ਵੀ ਜਣਾ ਪੂਰਾ ਹਕ ਦਿੰਦਾ ਏ। ਲਾਲਚ ਬਹੁਤਾ ਕਰੀਦਾ ਨਹੀਂ, ਅੱਠ ਦਸ ਰੁਪਏ ਜਦੋਂ ਹੋ ਜਾਂਦੇ ਨੇ, ਉਦੋਂ ਹੀ ਛਡ ਦੇਈਦਾ ਏ। ਬਾਕੀ ਤਾਂਗੇ ਵਾਲਿਆਂ ਵਾਂਗ ਲੋਭ ਲਾਲਚ ਨਹੀਂ ਕਰੀਦਾ।

ਬਈ ਤੂੰ ਛੜਾ ਛਾਂਟ ਹੋਣਾ ਏਂ, ਉਨ੍ਹਾਂ ਵਿਚਾਰਿਆਂ ਨੇ ਆਪਣੇ ਟੱਬਰ ਵੀ ਪਾਲਣੇ ਹੋਏ, ਕੀ ਕਰਨ ਵਿਚਾਰੇ।

ਸਰਦਾਰ ਜੀ, ਗੱਲ ਉਥੇ ਦੀ ਉਥੇ ਰਹਿੰਦੀ ਏ। ਘੋੜੇ ਦੀ ਬਹੁਤੀ ਜਾਨਮਾਰੀ ਕਰਨ ਨਾਲ ਉਹ ਛੇਤੀ ਹੰਬ ਜਾਂਦਾ ਏ।

ਤੇਰਾ ਮਾਲਕ ਵਾਕਿਆ ਈ ਬੜਾ ਸੁਥਰਾ ਏ।

ਸਰਦਾਰ ਜੀ, ਤਾਂਗਾ ਵੀ ਕਿਹੜਾ ਘਟ ਏ। ਸਾਰੇ ਸ਼ਹਿਰ ਦੇ ਤਾਂਗਿਆਂ ਵਿਚੋਂ ਇਕ ਨੰਬਰ ਏ। ਉਡ਼ ਕੇ ਸਵਾਰੀ ਬਹਿੰਦੀ ਏ ਸ਼ੌਕੀਨ ਇਹਦੇ ਵਿਚ। ਉਹ ਤਿੜ ਕੇ ਬੋਲਿਆ।

ਫੇਰ ਤਾਂ ਬੜੀਆਂ ਮੌਜਾਂ ਲੁਟਦਾ ਹੋਵੇਂਗਾ, ਅਸੀਂ ਉਸ ਨੂੰ ਜਾਣੋ ਹੱਲਾ ਸ਼ੇਰੀ ਦੇਂਦਿਆਂ ਕਿਹਾ।

ਪੁਛੋ ਨਾ ਸਰਦਾਰ ਸਾਹਬ! ਅੱਗੇ ਮਾਯਾ ਭਾਵੇਂ ਬੜੀ ਜੋੜੀ ਦੀ ਸੀ, ਕਮਾਈ ਵੀ ਬੜੀ ਕਰੀਦੀ ਸੀ, ਜ਼ਿਮੀਂਦਾਰਾਂ ਨੂੰ ਮੁਛ ਮੁਛ ਕੇ, ਪਰ ਜ਼ਿੰਦਗੀ ਦਾ ਮਜ਼ਾ ਕੋਈ

ਨਹੀਂ ਸਾਂ। ਪਿਉ ਮੇਰਾ ਬਹੁਤ ਕੰਜੂਸ ਸੁਭਾ ਦਾ ਸੀ। ਤਾਹੀਉਂ ਤਾਂ ਉਸ ਨੇ ਮੈਨੂੰ ਪੰਜਵੀਂ ਚੋਂ ਹਟਾ ਲਿਆ ਸੀ। ਮਮੂਲੀ ਮੁਨੀਮੀ ਸਿਖਾ ਕੇ ਹੱਟੀ ਤੇ ਬਿਠਾ ਦਿੱਤਾ ਸੀ। ਸੁਕ ਜਾਈਦਾ ਸੀ ਤਪੜੀ ਤੇ ਬੈਠੇ ਬੈਠੇ ਸਾਰਾ ਦਿਨ। ਹੁਣ ਨਿਤ ਨਵੇਂ ਤੋਂ ਨਵੇਂ ਜਲਵੇ ਦੇਖੀਦੇ ਨੇ। ਕੀ ਪੁਛਦੇ ਓ ਮੌਜਾਂ ਵਾਲੀਆਂ ਗੱਲਾਂ।

ਅਸੀਂ ਦੋਵੇਂ ਉਸ ਦੀਆਂ ਗੱਲਾਂ ਸੁਣ ਕੇ ਮੁਸਕਰਾ ਰਹੇ ਸਾਂ, ਉਹ ਲੈਕਚਰਾਰ ਵਾਂਗ ਹੋਰ ਪੰਘਰ ਰਿਹਾ ਸੀ।

ਮੈਂ ਤਾਂ ਸਮਝਦਾਂ ਮੇਰਾ ਨਵਾਂ ਜਨਮ ਹੋਇਆ ਏ। ਅਸੀਂ ਕਿਥੇ ਦੇਖਣੀਆਂ ਸਨ ਇਹ ਦਿੱਲੀ ਦੀਆਂ ਠੰਢੀਆਂ ਸੜਕਾਂ। ਮੈਂ ਕਰੋਲ ਬਾਗ ਤੇ ਪੁਰਾਣੀ ਦਿੱਲੀ ਵਾਹ ਲਗਦੀ ਘਟ ਹੀ ਆਉਂਦਾ ਹਾਂ।

ਇਹ ਕਿਉਂ ?

ਇੱਧਰ ਕੋਈ ਕਮਾਈ ਨਹੀਂ ਜੀ। ਨਵੀਂ ਤੇ ਪੁਰਾਣੀ ਦਿੱਲੀ ਵਿਚ ਬੜਾ ਫਰਕ ਏ। ਇੱਧਰ ਤਾਂ ਤੁਹਾਡੇ ਵਰਗੇ ਕਰਾਇਆ ਪੁਛ ਕੇ ਬੈਠਣ ਵਾਲੇ ਹੀ ਰਹਿੰਦੇ ਨੇ।

ਬਈ ਇਧਰ ਲੋਕ ਵਸਦੇ ਨੇ ਮਿਹਨਤੀ, ਹੱਥੀਂ ਕਿਰਤ ਕਰਨ ਵਾਲੇ ਤੇ ਉਧਰ ਜੋਕਾਂ ਵਸਦੀਆਂ ਨੇ ਕਿਰਤੀ ਮਜ਼ਦੂਰਾਂ ਦਾ ਲਹੂ ਚੂਸਨ ਵਾਲੀਆਂ।

ਇਹ ਗੱਲ ਸੁਣ ਕੇ ਉਸ ਦੇ ਮਨ ਨੂੰ ਇਕ ਝਟਕਾ ਲੱਗਾ ਤੇ ਝਟ ਗੰਭੀਰਤਾ ਉਸ ਦੇ ਚਿਹਰੇ ਤੇ ਦੌੜ ਗਈ ਤੇ ਉਹ ਚੁਪ ਹੋ ਗਿਆ। ਅਸਲ ਵਿਚ ਉਹ ਉਨ੍ਹਾਂ ਲੋਕਾਂ ਨਾਲ



ਆਪਣੇ ਆਪ ਨੂੰ ਸੰਮਿਲਤ ਨਹੀਂ ਸੀ ਕਰ ਰਿਹਾ, ਇਹ ਅਸੀਂ ਚੰਗੀ ਤਰ੍ਹਾਂ ਜਾਣਦੇ ਸਾਂ।

ਹਾਂ ਹਾਂ, ਫੇਰ–ਬਈ ਤੂੰ ਕੋਈ ਉਨ੍ਹਾਂ ਲੋਕਾਂ ਦੀ ਤਾਰੀਫ ਥੋੜ੍ਹੀ ਕਰ ਰਿਹਾ ਏਂ, ਸਗੋਂ ਪਰਦਾ ਹੀ ਚੁਕ ਰਿਹਾ ਏਂ, ਉਨ੍ਹਾਂ ਦੀ ਐਸ਼ ਭਰੀ ਜ਼ਿੰਦਗੀ ਤੋਂ, ਸਾਨੂੰ ਤਾਂ ਬੜਾ ਲੁੱਤਫ ਆ ਰਿਹਾ ਏ ਤੇਰੀਆਂ ਗੱਲਾਂ ਵਿਚੋਂ।

ਸਰਦਾਰ ਜੀ, ਘੋੜਾ ਮੇਰਾ ਬੜਾ ਸਮਝਦਾਰ ਏ, ਮੈਂ ਵੀ ਦੇਖ ਲਓ ਸ਼ੈਂਟਾ ਨਹੀਂ ਰਖਿਆ ਹੋਇਆ, ਬਸ ਇਸ਼ਾਰਾ ਈ ਕਰਦਾ ਹਾਂ, ਇਹ ਫੌਰਨ ਸਮਝਦਾ ਮੇਰਾ ਇਸ਼ਾਰਾ। ਇਹ ਬੜਾ ਸ਼ਰਾਰਤੀ ਏ, ਜਦੋਂ ਕੋਈ ਅਤਰ ਫੁਲੇਲ ਲਾਈ ਝਿਲ ਮਿਲ ਝਿਲ ਮਿਲ ਕਰਦੀ ਸਾੜ੍ਹੀ ਵਾਲੀ ਆ ਬਹਿੰਦੀ ਏ, ਫੇਰ ਇਹ ਝਟ ਸਮਝ ਜਾਂਦਾ ਏ। ਮੈਂ ਬਸ ਇੰਨਾ ਹੀ ਕਹਿੰਦਾ ਹਾਂ–ਉੜਾ ਕੇ ਲੈ ਚਲ ਪੁਤਰਾ--ਤਾਂਗੇ ਨੂੰ। ਬਸ ਇਹ ਹਵਾਈ ਹੋ ਲੈਂਦਾ ਏ, ਜਿਵੇਂ ਕਿਧਰੇ ਸਚ ਮੁਚ ਈ ਉੜਾ ਕੇ ਲੈ ਜਾਣਾ ਹੁੰਦਾ ਏ ਸਬਜ਼ ਪਰੀ ਨੂੰ। ਹੁਣ ਇਹ ਚੰਗੀ ਤਰ੍ਹਾਂ ਸਮਝਦਾ ਏ, ਪਈ ਦੋ ਸਾਧਾਰਨ ਮਰਦਾਵੀਆਂ ਸਵਾਰੀਆਂ ਬੈਠੀਆਂ ਨੇ। ਤਾਹੀਉਂ ਚੁਪ ਚਾਪ ਆਪਣੀ ਚਾਲੇ ਤੁਰਿਆ ਜਾਂਦਾ ਏ।

ਫੇਰ ਤਾਂ ਉਸਤਾਦ ਤੂੰ ਬੜੀ ਰੰਗੀਨ ਦੁਨੀਆਂ ਵਿਚ ਵਸਦਾ ਏਂ।

ਪੇਟ ਦੀ ਖਾਤਰ ਸਭ ਕੁਝ ਕਰਨਾ ਪੈਂਦਾ ਏ ਜਨਾਬ।

ਕੋਈ ਨਜ਼ਾਰਾ ਸੁਣਾ ਕੇ ਸਾਡਾ ਵੀ ਸਫਰ ਸੁਆਦਲਾ ਕਰ ਨਾ ਫੇਰ।

ਫੇਰ ਤਾਂ ਕਰਾਇਆ ਵੀ ਚੋਖਾ ਮਿਲਦਾ ਹਵਗਾ ?

ਕਈ ਦਫਾ ਤਾਂ ਇਕੋ ਫੇਰੇ ਦੇ ਦਸ ਦਸ ਰੁਪਏ ਵੀ ਦਿੰਦੇ ਨੇ ਤੇ ਤਰਲੇ ਮਿੰਨਤਾਂ ਵਖ ਕਰਦੇ ਨੇ ਕਿ ਫਲਾਣੇ ਕਾਲਜ ਦੇ ਗੇਟ ਤੋਂ ਬਠਾ ਕੇ ਫਲਾਣੀ ਕੋਠੀ ਵਿਚ ਪੁਚਾ ਦੇਵੀਂ । ਸਰਦਾਰ ਜੀ, ਤੁਹਾਨੂੰ ਕਾਹਨੂੰ ਇਹੋ ਜਹੀ ਦੂਨੀਆਂ ਨਾਲ ਵਾਹ ਪੈਂਦਾ ਹੋਣਾ ਏਂ, ਚੁਪ ਈ ਭਲੀ ਏ । ਇਨ੍ਹਾਂ ਪੈਸੇ ਵਾਲਿਆਂ ਨੂੰ ਤੇ ਚੌਵੀ ਘੰਟੇ ਐਸ਼ੋ ਇਸ਼ਰਤ ਦੀਆਂ ਗੱਲਾਂ ਈ ਸੁਝਦੀਆਂ ਨੇ । ਜਦੋਂ ਲੋਕੀ ਸੁਤੇ ਪਏ ਹੁੰਦੇ ਨੇ ਤਾਂ ਟਾਂਗੇ ਟੈਕਸੀਆਂ ਵਾਲਿਆਂ ਦੀ ਚਾਂਦੀ ਹੁੰਦੀ ਏ । ਦਿੱਲੀ ਵਿਚ ਜੰਨੀ ਬਦਮਾਸ਼ੀ ਹੁੰਦੀ ਏ ਕਿਧਰੇ ਨਹੀਂ ਹੋਣੀ ।

ਫਿਕਰ ਨਾ ਕਰ ਸਮਾਂ ਪਲਟਣ ਵਾਲਾ ਏ ।

ਅਸੀਂ ਵੀ ਸਰਦਾਰ ਜੀ, ਇਸੇ ਆਸ ਤੇ ਜੀਂਦੇ ਆਂ । ਜਦੋਂ ਇਹੋ ਜਿਹਾ ਕੋਈ ਵਕਤ ਆਇਆ, ਉਦੋਂ ਹੀ ਕਰਾਂਗੇ ਬਰ ਟੀਰ, ਪਰ ਆਵੇਗਾ ਵੀ ਕਦੇ ਲੋਕਾਂ ਦਾ ਜ਼ਮਾਨਾ ?

ਕਿਉਂ ਨਹੀਂ ਆਵੇਗਾ । ਚੀਨ ਵਿਚ ਸਾਡੀਆਂ ਅੱਖਾਂ ਦੇ ਸਾਹਮਣੇ ਨਹੀਂ ਆਇਆ ਕੀ ? ਚੀਨ ਦੇ ਲੋਕਾਂ ਵਰਗੀ ਭੈੜੀ ਜ਼ਿੰਦਗੀ ਤਾਂ ਕਿਸੇ ਦੀ ਨਹੀਂ ਹੋਣੀ ।

ਹੈ ਵੀ ਤਾਂ ਬੜਾ ਜ਼ੁਲਮ ਸਰਦਾਰ ਜੀ, ਇਕ ਪਾਸੇ ਤਾਂ ਸਾਰਾ ਸਾਰਾ ਦਿਨ ਮਿਹਨਤ ਮੁਸ਼ੱਕਤ ਕਰਕੇ ਰਾਤ ਨੂੰ ਰਜਵੀਂ ਰੋਟੀ ਵੀ ਨਸੀਬ ਨਹੀਂ ਹੁੰਦੀ, ਮੈਂ ਕਸ਼ਮੀਰੀ ਗੇਟ ਦੇ ਇਕ ਮਹੱਲੇ ਵਿਚ ਰਹਿੰਦਾਂ, ਆਲੇ ਦੁਆਲੇ ਗੰਦ ਗੁਦੜ ਦੇਖ ਕੇ ਦਿਲ ਤ੍ਰਾਹ ਉਠਦਾ ਏ, ਦੂਜੇ ਪਾਸੇ ਦੇਖੋ, ਐਸ਼ੋ ਇਸ਼ਰਤ ਤੋਂ ਬਿਨਾਂ ਕੰਮ ਹੀ ਕੋਈ ਨਹੀਂ । ਫੈਸ਼ਨ ਤੇ



ਸ਼ੋਖੀ ਵਾਲੀ ਹਦ ਹੋਈ ਪਈ ਏ । ਕਨਾਟ ਪਲੇਸ ਚਲੇ ਜਾਓ, ਐਉਂ ਜਾਪਦਾ ਏ ਜਿੱਦਾਂ ਪਰਸਤਾਨ ਵਿਚ ਆ ਵੜੇ ਹੁੰਦੇ ਆਂਟ ਪਤਾ ਨਹੀਂ ਐਨਾ ਰੁਪਿਆ ਕਿਦੋਂ ਆਉਂਦਾ ਏ । ਇਕ ਪਾਸੇ ਤਾਂ ਮੰਦਵਾੜੇ ਨਾਲ ਲੋਕੀ ਪੈਸੇ ਨੂੰ ਤਰਸਦੇ ਨੇ, ਦੂਜੇ ਪਾਸੇ ਪਾਣੀ ਵਾਂਗ ਰੁਪਿਆ ਰੋੜ੍ਹਿਆ ਜਾ ਰਿਹਾ ਏ ।

'ਜਦੋਂ ਮਨੁੱਖ ਮਨੁੱਖ ਦੇ ਜੀਵਨ ਵਿਚ ਐਨਾ ਫਰਕ ਪੈ ਜਾਵੇ ਫੇਰ ਜ਼ਰੂਰ ਕੁਝ ਹੋ ਕੇ ਹੀ ਰਹਿੰਦਾ ਏ । ਹਉਕੇ ਨਾ ਲੈ ਸਗੋਂ ਤਕੜਾ ਹੋ । ਤੇਰਾ ਅਸਲੀ ਨਵਾਂ ਜਨਮ ਅਜੇ ਹੋਣਾ ਏਂ ।

ਮੈਂ ਤਾਂਗੇ ਤੋਂ ਉਤਰਦਿਆਂ ਕਿਹਾ । "ਅੱਛਾ ਜੀ ?" ਇਹ ਸ਼ਬਦ ਬੜੇ ਉਤਸ਼ਾਹ ਨਾਲ ਕਹਿੰਦਾ ਹੋਇਆ ਸਾਡੇ ਦਿਤੇ ਪੈਸੇ ਬਿਨਾਂ ਗਿਣੇ ਖੀਸੇ ਵਿਚ ਪਾ ਕੇ ਘੋੜਾ ਹਿਕ ਕੇ ਉਹ ਚਲਾ ਗਿਆ ।

# ਰਹਿਮਾ
# ਲਿਲਾਰੀ

੬

# ਰਹਿਮਾ ਲਿਲਾਰੀ

ਮੈਂ ਅਜੇ ਨਿੱਕਾ ਜਿਹਾ ਹੀ ਸੀ, ਜਦੋਂ ਰਹਿਮਾ ਲਿਲਾ- ਰੀ ਸਾਡੇ ਪਿੰਡ ਵਿਚ ਆਇਆ, ਸ਼ਾਇਦ ਛੇਵੀਂ ਜਮਾਤ ਵਿਚ ਪੜ੍ਹਦਾ ਸਾਂ। ਇਕ ਦਿਨ ਜਦੋਂ ਅਸੀਂ ਸਕੂਲੋਂ ਪੜ੍ਹ ਕੇ ਆ ਰਹੇ ਸਾਂ ਤਾਂ ਰਸਤੇ ਵਿਚ ਸਾਨੂੰ ਇਕ ਮੁੰਡੇ ਨੇ ਉਸ ਦੇ ਪਿੰਡ ਆਉਣ ਦੀ ਖਬਰ ਸੁਣਾਈ। ਉਹ ਮੁੰਡਾ ਸ਼ਾਇਦ ਅੱਧੀ ਛੁੱਟੀ ਵੇਲੇ ਕਿਸੇ ਕੰਮ ਘਰ ਗਿਆ ਸੀ। ਪਿੰਡ ਵਿਚ ਨਵੇਂ ਆਏ ਲਿਲਾਰੀ ਨੂੰ ਦੇਖਣ ਦੀ ਪ੍ਰਬਲ ਇੱਛਾ ਸਾਡੇ ਸਭ ਦੇ ਮੰਨ ਵਿਚ ਉਠ ਖੜੀ ਹੋਈ ਸੀ। ਅਸੀਂ ਸਿਧੇ ਉਸ ਦੇ ਟਿਕਾਣੇ ਤੇ ਪੁੱਜੇ।

ਸੜਕ ਦੇ ਐਨ ਉੱਤੇ ਇਕ ਕੱਚਾ ਕੋਠਾ ਹੈ, ਜਿਸ ਦੇ ਅਗੇ ਮੀਂਹ ਕਣੀ ਲਈ ਇਕ ਛੱਪਰ ਹੈ। ਅਸੀਂ ਤਾਂਘ ਭਰੀਆਂ ਨਜ਼ਰਾਂ ਨਾਲ ਅੰਦਰ ਵਲ ਝਾਕਿਆ। ਇਕ ਸਫ

ਉਤੇ ਮਹਿੰਦੀ ਰੰਗੀ ਦਾਹੜੀ ਵਾਲਾ ਇਕ ਬੰਦਾ ਬੈਠਾ ਸੀ। ਲਾਗੇ ਹੀ ਉਸ ਦੇ ਦੋ ਲੜਕੀਆਂ ਲੰਮੀਆਂ ਪਈਆਂ ਸਨ। ਇਕ ਪੰਦਰਾਂ ਸੋਲਾਂ ਸਾਲ ਦੀ ਅਤੇ ਦੂਜੀ ਕੋਈ ਬਾਰ੍ਹਾਂ ਕੁ ਵਰ੍ਹਿਆਂ ਦੀ। ਉਨ੍ਹਾਂ ਕੁੜੀਆਂ ਨੂੰ ਦੇਖ ਕੇ ਸਾਡੀ ਦਿਲਚਸਪੀ ਵਿਚ ਬਹੁਤ ਵਾਧਾ ਹੋਇਆ। ਅਸੀਂ ਉਨ੍ਹਾਂ ਦੇ ਸਾਮਾਨ ਦੀ ਇਕ ਇਕ ਚੀਜ਼ ਨੂੰ ਬੜੇ ਗਹੁ ਨਾਲ ਦੇਖਿਆ—ਸਿਰਵਲ ਦੇ ਦੋ ਪਤੀਲੇ, ਇਕ ਕਪੜੇ ਰੰਗਣ ਲਈ ਪਿਤਲ ਦਾ ਵੱਡਾ ਸਾਰਾ ਦੇਗਾ ਜਿਹਾ, ਰੰਗ ਦੇ ਕਈ ਡੱਬੇ, ਇਕ ਰੰਗਾਂ ਨਾਲ ਲਿਬੜਿਆ ਹੋਇਆ ਟੁੱਟਾ ਫੁੱਟਾ ਟਰੰਕ ਅਤੇ ਇਕ ਕਪੜਿਆਂ ਦੀ ਗੰਡ ਸੀ। ਚੌਂਕੇ ਦੇ ਭਾਂਡੇ ਉਨ੍ਹਾਂ ਦੇ ਹੋਰ ਵੀ ਥੋੜ੍ਹੇ ਸਨ—ਮਿਟੀ ਦਾ ਆਟਾ ਗੁੰਨਣ ਵਾਲੀ ਇਕ ਕੁਨਾਲੀ, ਦੋ ਤਿੰਨ ਮਿੱਟੀ ਦੇ ਪਿਆਲੇ, ਦੋ ਤਿੰਨ ਸਿਰਵਲ ਦੇ ਗਲਾਸ ਆਦਿ। ਇਕ ਵਡਾ ਸਾਰਾ ਬਿਸਤਰਾ ਸੀ, ਜਿਸ ਵਿਚ ਸ਼ਾਇਦ ਦੋ ਰਜਾਈਆਂ ਸਨ। ਸਾਰੇ ਟੱਬਰ ਦਾ ਇੰਨਾ ਥੋੜ੍ਹਾ ਸਾਮਾਨ ਦੇਖ ਕੇ ਅਸੀ ਬਹੁਤ ਹੀ ਹੈਰਾਨ ਹੋਏ।

"ਜਾਓ ਵੇ ਆਪਣੇ ਘਰਾਂ ਨੂੰ, ਇਥੇ ਕੋਈ ਤਮਾਸ਼ਾ ਹੁੰਦਾ ਏ?" ਵੱਡੀ ਕੁੜੀ ਨੇ ਸਾਨੂੰ ਝਿੜਕ ਕੇ ਆਖਿਆ!

ਅਸੀਂ ਫੇਰ ਵੀ ਪਿਛੇ ਨਾ ਹਟੇ! ਪਰ ਜਦੋਂ ਉਸ ਮਹਿੰਦੀ ਰੰਗੀ ਦਾਹੜੀ ਵਾਲੇ ਨੇ ਸਾਡੇ ਵਲ ਘੂਰ ਕੇ ਦੇਖਿਆ ਅਸੀਂ ਡਰਦੇ ਪਿਛੇ ਹਟ ਗਏ। ਉਸ ਨੇ ਫੇਰ ਕਿਹਾ, "ਨਹੀਂ ਜਾਂਦੇ?"

ਅਸੀਂ ਨਿਡਰ ਹੋ ਕੇ ਕਿਹਾ, "ਨਹੀਂ ਜਾਂਦੇ, ਅਸੀਂ ਰਬ ਦੀ ਧਰਤੀ ਤੇ ਖਲੋਤੇ ਆਂ।"



"ਮਾਮਾ, ਖੜੇ ਰਹਿਣ ਦੇ ਸਾਨੂੰ ਕੀ ਕਹਿੰਦੇ ਨੇ'?" ਛੋਟੀ ਕੁੜੀ ਨੇ ਹਮਦਰਦੀ ਭਰੇ ਲਹਿਜੇ ਵਿਚ ਕਿਹਾ। ਉਹ ਸਾਨੂੰ ਬਹੁਤ ਹੀ ਚੰਗੀ ਲੱਗੀ। ਉਂਝ ਵੀ ਸਾਡੇ ਹਾਣ ਦੀ ਸੀ। ਫੇਰ ਕੁੜੀ ਦੇ ਲਿਲਾਰੀ ਨੂੰ ਮਾਮਾ ਕਹਿਣ ਤੋਂ ਸਾਨੂੰ ਇਹ ਪਤਾ ਲਗ ਗਿਆ ਕਿ ਉਹ ਦੋਵੇਂ ਲੜਕੀਆਂ ਉਸ ਦੀਆਂ ਭਣੇਵੀਆਂ ਸਨ।

ਰੋਟੀ ਖਾਂਦੇ ਵੀ ਮੇਰੇ ਮਨ ਵਿਚ ਉਨ੍ਹਾਂ ਦੀ ਤਸਵੀਰ ਘੁਮਦੀ ਰਹੀ। ਉਨ੍ਹਾਂ ਬਾਰੇ ਹੋਰ ਵਧੇਰੇ ਜਾਨਣ ਦੀ ਇੱਛਾ ਜ਼ੋਰ ਫੜਦੀ ਜਾਂਦੀ ਸੀ। ਜਦੋਂ ਮੈਂ ਪਗੜੀ ਚੁੱਕੀ ਅਤੇ ਇਕ ਹੋਰ ਮੁੰਡੇ ਨੂੰ ਨਾਲ ਲੈ ਕੇ ਗਿਆ ਤਾਂ ਉਥੇ ਕਈ ਆਦਮੀ ਖੜੇ ਹੋਏ ਸਨ, ਜਿਸ ਤੋਂ ਸਾਨੂੰ ਪਤਾ ਲਗਾ ਕਿ ਵਡੇ ਬੰਦੇ ਵੀ ਉਨ੍ਹਾਂ ਬਾਬਤ ਕਾਫੀ ਉਤਸੁਕ ਸਨ। ਘੰਟੇ ਕੁ ਦੀ ਉਡੀਕ ਪਿਛੋਂ ਜਦੋਂ ਲੋਕਾਂ ਦੀ ਭੀੜ ਘਟੀ ਤਾਂ ਮੈਂ ਸੰਗਦਿਆਂ ਹੋਇਆਂ ਲਿਲਾਰੀ ਨੂੰ ਪਗੜੀ ਫੜਾਈ।

ਕੀ ਰੰਗ ਦੇਣਾ, ਕਾਕਾ?

"ਤਰਬੂਜੀ" ਕਹਿ ਕੇ ਮੈਂ ਝਟ ਪਟ ਤੁਰਨ ਲੱਗਾ ਇੰਨਾ ਹੋਰ ਆਖ ਗਿਆ। ਅਜ ਹੀ ਰੰਗ ਦੇਈਂ।"

'ਅਜ ਨਹੀਂ ਮਿਲਣੀ, ਕਲ ਨੂੰ ਅਸੀਂ ਕੰਮ ਸ਼ੁਰੂ ਕਰਨਾ ਏਂ, ਕਲ ਮਿਲੇਗੀ।'

ਦੂਜੇ ਦਿਨ ਜਦੋਂ ਅਸੀਂ ਪੜ੍ਹ ਕੇ ਆਏ ਤਾਂ ਮੇਰੀ ਪਗੜੀ ਸੜਕ ਦੇ ਆਰ ਪਾਰ ਇਕ ਉੱਚੀ ਰੱਸੀ ਉਤੇ ਲਟਕ ਰਹੀ ਸੀ। ਅਬਰਕ ਨਿੱਕੇ ਨਿੱਕੇ ਤਾਰਿਆਂ ਵਾਂਗ ਚਮਕ ਰਿਹਾ

ਸੀ। ਮੈਂ ਸਭ ਮੁੰਡਿਆਂ ਨੂੰ ਇਸ਼ਾਰੇ ਨਾਲ ਦਸਿਆ ਕਿ ਉਹ ਮੇਰੀ ਪਗੜੀ ਸੁਕ ਰਹੀ ਹੈ।

ਦਿਨ ਗੁਜ਼ਰਦੇ ਗਏ, ਪਰ ਸਾਡੀ ਦਿਲਚਸਪੀ ਸਗੋਂ ਉਨ੍ਹਾਂ ਵਿਚ ਦਿਨੋਂ ਦਿਨ ਵਧਦੀ ਗਈ। ਅਸੀਂ ਸਕੂਲ ਨੂੰ ਜਾਂਦੇ ਆਉਂਦੇ ਉਥੇ ਪਲ ਭਰ ਜ਼ਰੂਰ ਖੜੋ ਕੇ ਅਗੇ ਲੰਘਦੇ ਸਾਂ। ਕਦੇ ਉਹ ਇਕ ਛਾਬੇ ਵਿਚ ਇਕਠੇ ਰੋਟੀ ਖਾਂਦੇ ਹੁੰਦੇ, ਕਦੇ ਨਿਆਮਤੇ ਮੰਜੇ ਤੇ ਲੇਟੀ ਹੁੰਦੀ, ਕਦੇ ਲਿਲਾਰੀ ਕਪੜੇ ਰੰਗ ਰਿਹਾ ਹੁੰਦਾ ਤੇ ਕਦੇ ਨਿਕੀ ਕੁੜੀ ਨਾਲ ਲਗ ਕੇ ਕੋਈ ਪਗੜੀ ਸੁਕਾ ਰਿਹਾ ਹੁੰਦਾ।

ਜਿਉਂ ਜਿਉਂ ਅਸੀਂ ਉਨ੍ਹਾਂ ਦੇ ਭੇਤੀ ਹੁੰਦੇ ਗਏ ਤਿਉਂ ਤਿਉਂ ਸਾਨੂੰ ਸ਼ਰਾਰਤਾਂ ਸੁੱਝਣ ਲੱਗੀਆਂ। ਨਿੱਕੀ ਕੁੜੀ ਦਾ ਨਾਂ ਫਾਤਮਾ ਸੀ। ਅਸੀਂ ਉਹਦਾ ਨਾਂ ਲੈ ਲ ਉਹਨੂੰ ਖਿਝਾਉਂਦੇ। ਲਿਲਾਰੀ ਬਣਾਉਟੀ ਜਿਹੇ ਗੁੱਸੇ ਨਾਲ ਸਾਨੂੰ ਘੂਰਦਾ ਤੇ ਕਈ ਵਾਰ ਸਾਡੇ ਮਗਰ ਵੀ ਨਸਦਾ ਪਰ ਫਾਤਮਾ ਸਗੋਂ ਖੁਸ਼ ਹੁੰਦੀ ਅਤੇ ਹਰ ਵੇਲੇ ਮੁਸਕ੍ਰਾਉਂਦੀ ਰਹਿੰਦੀ।

ਸੰਝ ਸਵੇਰ ਪਿੰਡ ਦੇ ਨੌ-ਜਵਾਨਾਂ ਦੀ ਉਥੇ ਢਾਣੀ ਖੜੀ ਵੇਖਕੇ ਸਾਨੂੰ ਬੜਾ ਗੁੱਸਾ ਆਉਂਦਾ, ਕਿਉਂਕਿ ਸਾਨੂੰ ਫਾਤਮਾ ਨਾਲ ਛੇੜ ਛਾੜ ਕਰਨ ਦਾ ਮੌਕਾ ਨਹੀਂ ਸੀ ਮਿਲਦਾ ਹੁੰਦਾ।

"ਇਹ ਕਿਉਂ ਹਰ ਵੇਲੇ ਇਥੇ ਖੜੇ ਰਹਿੰਦੇ ਨੇ ?" ਅਸੀਂ ਅਜੇ ਕਾਫੀ ਨਿੱਕੇ ਸਾਂ, ਇਸ ਕਰਕੇ ਸਾਨੂੰ ਨਹੀਂ ਸੀ ਪਤਾ ਕਿ ਉਨ੍ਹਾਂ ਨੂੰ ਖਿਚ ਪਾਉਣ ਵਾਲੀ ਉਥੇ ਕੀ ਸ਼ੈ ਸੀ।



ਸਾਡੇ ਭਾਣੇ ਉਨ੍ਹਾਂ ਦਾ ਕੰਮ ਬਹੁਤ ਸੋਹਣਾ ਰਿੜ੍ਹ ਪਿਆ ਸੀ ਅਤੇ ਉਨ੍ਹਾਂ ਦੀ ਜ਼ਿੰਦਗੀ ਬਹੁਤ ਖੁਸ਼ੀ ਖੁਸ਼ੀ ਗੁਜ਼ਰ ਰਹੀ ਸੀ। ਇਕ ਦਿਨ ਸਕੂਲੋਂ ਆਉਂਦਿਆਂ ਸਾਨੂੰ ਪਤਾ ਲੱਗਾ ਕਿ ਨਿਆਂਮਤੇ ਕਿਸੇ ਪਿੰਡ ਦੇ ਮੁੰਡੇ ਨਾਲ ਨਿਕਲ ਗਈ ਹੈ। ਸਾਨੂੰ ਬੇਹਦ ਹੈਰਾਨੀ ਹੋਈ। ਉਸ ਨੂੰ ਭਲਾ ਇਥੇ ਕਿਸ ਗਲ ਦਾ ਘਾਟਾ ਸੀ। ਗੋਸ਼ਤ ਵੇਚਣ ਵਾਲਾ ਕਸਾਈ ਰੋਜ਼ ਉਨ੍ਹਾਂ ਨੂੰ ਮਾਸ ਦੇ ਜਾਂਦਾ ਸੀ। ਫੇਰ ਕਦੇ ਅਸੀਂ ਉਨ੍ਹਾਂ ਦੇ ਭੁੰਨਵੇਂ ਚੌਲ ਅਤੇ ਕਦੇ ਗੋਸ਼ਤ ਵਾਲਾ ਪਲਾ ਪਕਦਾ ਵੇਖਦੇ।

ਬੂਹਾ ਬੰਦ ਵੇਖ ਕੇ ਅਸੀਂ ਬਾਰੀ ਥਾਣੀ ਝਾਤ ਮਾਰੀ। ਸਵਾਏ ਫਾਤਮਾ ਦੇ ਉਥੇ ਹੋਰ ਕੋਈ ਨਹੀਂ ਸੀ। ਉਸ ਨੂੰ ਰੋਂਦਾ ਵੇਖ ਕੇ ਸਾਨੂੰ ਬੇਹਤ ਦੁਖ ਹੋਇਆ।

ਪਿੰਡ ਦੀ ਪੰਚਾਇਤ ਨੇ ਇਸ ਗਲ ਨੂੰ ਬਹੁਤ ਬੁਰਾ ਮਨਾਇਆ। ਉਸ ਮੁੰਡੇ ਦੇ ਪਿਉ ਨੂੰ ਖੂਬ ਦਬਕਾਇਆ ਧਮਕਾਇਆ, ਨਤੀਜਾ ਇਹ ਕਿ ਹਫਤੇ ਦਸਾਂ ਦਿਨਾਂ ਪਿਛੋਂ ਉਹ ਮੁੜ ਲਿਲਾਰੀ ਦੇ ਘਰ ਵਾਪਸ ਆ ਗਈ।

ਫੇਰ ਇਕ ਦਿਨ ਸਕੂਲੋਂ ਆਉਂਦਿਆਂ ਸਾਨੂੰ ਪਤਾ ਲੱਗਾ ਕਿ ਰਹਿਮੇ ਨੇ ਨਿਆਮਤੇ ਨਾਲ ਵਿਆਹ ਕਰ ਲਿਆ ਏ। ਇਹ ਖਬਰ ਸਾਡੇ ਲਈ ਹੋਰ ਵੀ ਹੈਰਾਨੀ ਭਰੀ ਸੀ। ਕੋਈ ਮਹੀਨੇ ਕੁ ਪਿਛੋਂ ਫੇਰ ਸਾਨੂੰ ਪਤਾ ਲੱਗਾ ਕਿ ਨਿਆਮਤੇ ਲਾਗਲੇ ਪਿੰਡ ਦੇ ਕਿਸੇ ਰਾਜਪੂਤ ਮੁੰਡੇ ਨਾਲ ਉਧਲ ਗਈ ਹੈ। ਦਸ ਬਾਰਾਂ ਦਿਨ ਲਿਲਾਰੀ ਦੀ ਦੁਕਾਨ ਬੰਦ ਰਹੀ। ਸਾਨੂੰ ਬੜਾ ਅਫਸੋਸ ਸੀ। ਅਖੀਰ ਇਕ ਦਿਨ ਸਕੂਲੋਂ ਆ

ਕੇ ਅਸੀਂ ਦੁਕਾਨ ਖੁਲ੍ਹੀ ਦੇਖੀ। ਰਹਿਮਾ ਸਬਰ ਸ਼ੁਕਰ ਕਰਕੇ ਮੁੜ ਆਪਣੇ ਕੰਮ ਵਿਚ ਜੁਟ ਪਿਆ।

ਸਾਲ ਡੇਢ ਸਾਲ ਸਾਨੂੰ ਫਾਤਮਾ ਨਾਲ ਦਿਲ ਲਗੀ ਕਰਨ ਦਾ ਖੂਬ ਮੌਕਾ ਮਿਲਿਆ ਪਰ ਲਿਲਾਰੀ ਅਗ ਨਾਲੋਂ ਬਹੁਤ ਗੁਸੈਲ ਹੋ ਗਿਆ ਸੀ। ਕਈ ਵਾਰ ਸਾਨੂੰ ਸੱਚੀ ਮੁੱਚੀਂ ਗਾਲ੍ਹਾਂ ਕਢਣ ਲਗ ਪੈਂਦਾ ਸੀ। ਫਾਤਮਾ ਵੀ ਹੁਣ ਗੰਭੀਰ ਹੁੰਦੀ ਜਾਂਦੀ ਸੀ। ਸਾਥੋਂ ਵਧ ਉਹ ਪਿੰਡ ਦੇ ਵਡਿਆਂ ਮੁੰਡਿਆਂ ਨਾਲ ਖੁਲ੍ਹ ਕੇ ਗੱਲਾਂ ਕਰਦੀ ਸੀ। ਲਿਲਾਰੀ ਦੇ ਮੱਥੇ ਦੀਆਂ ਤਿਊੜੀਆਂ ਦਿਨੋਂ ਦਿਨ ਵਧਦੀਆਂ ਜਾਂਦੀਆਂ ਸਨ।

ਜਦੋਂ ਸਾਨੂੰ ਪਤਾ ਲੱਗਾ ਕਿ ਰਹਿਮੇ ਨੇ ਫਾਤਮਾ ਨਾਲ ਨਕਾਹ ਪੜ੍ਹਾ ਲਿਆ ਹੈ ਤਾਂ ਇਸ ਦਫਾ ਸਾਨੂੰ ਕੋਈ ਖਾਸ ਹੈਰਾਨੀ ਨਾ ਹੋਈ। ਪਰ ਨੌਜਵਾਨਾਂ ਦੀ ਢਾਣੀ ਹਰ ਵੇਲੇ ਉਥੇ ਖੜੀ ਦੇਖ ਕੇ ਸਾਨੂੰ ਬਹੁਤ ਦੁਖ ਹੁੰਦਾ ਸੀ। 'ਇਨ੍ਹਾਂ ਫਾਤਮਾ ਨੂੰ ਵੀ ਖਿਸਕਾ ਕੇ ਲੈ ਜਾਣਾ ਏ।'

ਹੁਣ ਇਸ ਗੱਲ ਦੀ ਸੋਝੀ ਸਾਨੂੰ ਹੋ ਗਈ ਸੀ ਕਿ ਪਿੰਡ ਦੇ ਮੁੰਡੇ ਪੱਗਾਂ ਰੰਗਾਉਣ ਦੇ ਬਹਾਨੇ ਕਿਉਂ ਉਥੇ ਖੜੇ ਰਹਿੰਦੇ ਸਨ। ਇਕ ਦਿਨ ਅਸੀਂ ਸਾਰੇ ਸਕੂਲ ਦੇ ਮੁੰਡਿਆਂ ਨੇ ਸਲਾਹ ਕੀਤੀ ਕਿ ਲਿਲਾਰੀ ਨੂੰ ਆਖੀਏ ਕਿ ਵਡੇ ਵਡੇ ਮੁੰਡਿਆਂ ਨੂੰ ਦੁਕਾਨ ਤੇ ਨਾ ਆਉਣ ਦਿਆ ਕਰੇ, ਪਰ ਇਹ ਗੱਲ ਕਹਿਣ ਦਾ ਸਾਡੇ ਵਿਚੋਂ ਕਿਸੇ ਨੂੰ ਹੌਸਲਾ ਨਾ ਪਿਆ।

ਕੋਈ ਤਿੰਨ ਕੁ ਮਹੀਨਿਆਂ ਪਿਛੋਂ ਸਾਨੂੰ ਪਤਾ ਲੱਗਾ



ਕਿ ਫਾਤਮਾ ਵੀ ਪਿੰਡ ਦੇ ਕਿਸੇ ਅਗਾਈਂ ਮੁੰਡੇ ਨਾਲ ਨਿਕਲ ਗਈ ਹੈ। ਕਈ ਦਿਨਾਂ ਦੀ ਢੂੰਡ ਤੋਂ ਬਾਅਦ ਪਤਾ ਲੱਗਾ ਕਿ ਉਹ ਦੋਵੇਂ ਬਾਰ ਦੇ ਕਿਸੇ ਇਲਾਕੇ ਵਿਚ ਜਾ ਵਸੇ ਹਨ। ਇਸ ਅਫਸੋਸ ਵਿਚ ਰਹਿਮਾ ਦੁਕਾਨ ਬੰਦ ਕਰਕੇ ਕਿਧਰੇ ਚਲਾ ਗਿਆ। ਪੂਰੇ ਤਿੰਨ ਸਾਲ ਦੁਕਾਨ ਬੰਦ ਰਹੀ। ਅਸਲ ਵਿਚ ਉਸ ਨੂੰ ਪਿੰਡ ਦੇ ਲੋਕਾਂ ਤੇ ਬਹੁਤ ਗੁੱਸਾ ਸੀ। ਜਦੋਂ ਬੁੱਢੇ ਆਦਮੀ ਨੌਜਵਾਨਾਂ ਨੂੰ ਲਿਲਾਰੀ ਦੇ ਜਾਣ ਦਾ ਜ਼ਿੰਮੇਵਾਰ ਠਹਿਰਾਉਂਦੇ ਤਾਂ ਉਹ ਮਖੌਲ ਨਾਲ ਕਹਿੰਦੇ– 'ਅਸੀਂ ਬੁੱਢੇ ਨੂੰ ਜੁਆਨ ਕਿਸ ਤਰ੍ਹਾਂ ਬਣਾ ਦਿੰਦੇ।'

ਪਰ ਪਿੰਡ ਦੇ ਲੋਕਾਂ ਨੂੰ ਇਸ ਗਲ ਦਾ ਨਿਸਚਾ ਸੀ ਕਿ ਰਹਿਮਾ ਅਖੀਰ ਇਥੇ ਹੀ ਆਵੇਗਾ। ਉਹ ਪਿੰਡ ਦਾ ਇਕ ਹਿੱਸਾ ਬਣ ਚੁੱਕਾ ਸੀ। ਗੁੱਜਰ ਸਿੰਘ ਨੇ ਵੀ ਉਹ ਕੋਠੜੀ ਕਿਸੇ ਨੂੰ ਅਗੇ ਨਹੀਂ ਸੀ ਦਿਤੀ।

ਦਸਵੀਂ ਪਾਸ ਕਰਕੇ ਮੈਂ ਕਾਲਜ ਵਿਚ ਦਾਖਲ ਹੋ ਗਿਆ। ਇਕ ਵਾਰ ਗਰਮੀ ਦੀਆਂ ਛੁਟੀਆਂ ਨੂੰ ਜਦੋਂ ਮੈਂ ਪਿੰਡ ਗਿਆ ਤਾਂ ਰਹਿਮੇ ਦਾ ਬੂਹਾ ਖੁਲ੍ਹਾ ਦੇਖ ਕੇ ਮੈਨੂੰ ਬੇਹਦ ਖੁਸ਼ੀ ਹੋਈ। ਉਸ ਦੇ ਕੋਲ ਪੰਜਾਂ ਕੁ ਵਰ੍ਹਿਆਂ ਦੀ ਲੜਕੀ ਸੀ। ਪੁੱਛਣ ਤੇ ਪਤਾ ਲੱਗਾ ਕਿ ਇਹ ਨਿਆਮਤੇ ਦੀ ਵਡੀ ਲੜਕੀ ਏ, ਰਹਿਮੇ ਦੀ ਉਨ੍ਹਾਂ ਨਾਲ ਸੁਲਾਹ ਹੋ ਗਈ ਏ ਤੇ ਇਹਨੇ ਦਿਲ ਪਰਚਾਵੇ ਲਈ ਬੱਚੀ ਨੂੰ ਆਪਣੇ ਪਾਸ ਰੱਖ ਲਿਆ ਏ।

ਜਨਤੇ ਸਾਰੇ ਪਿੰਡ ਦੀ ਸਾਂਝੀ ਧੀ ਬਣ ਗਈ। ਤੀਵੀਆਂ ਉਸ ਨੂੰ ਹਦੋਂ ਵਧ ਪਿਆਰ ਕਰਦੀਆਂ, ਉਸ ਦਾ

ਗੁਆਂਢੀ ਦੁੱਲਾ ਸਿੰਘ ਤਾਂ ਸਮਝੋ ਉਸ ਨੂੰ ਆਪਣੀ ਹੀ ਲੜਕੀ ਸਮਝਣ ਲਗ ਪਿਆ ਸੀ। ਲੜਕੀ ਦੇ ਬਹਾਨੇ ਹੁਣ ਰਹਿਮੇ ਨੂੰ ਪਿੰਡ ਦੀਆਂ ਸਭ ਨਿਆਮਤਾਂ ਗੰਨੇ, ਛੱਲੀਆਂ, ਮੂਲੀਆਂ, ਗਾਜਰਾਂ ਆਦਿ ਮਿਲਣ ਲੱਗੀਆਂ।

ਛੇ ਸਤ ਸਾਲ ਉਨ੍ਹਾਂ ਦੇ ਖੁਸ਼ੀ ਖੁਸ਼ੀ ਲੰਘ ਗਏ। ੧੯੪੭ ਦੀ ਗੜ ਬੜ ਦੇ ਦਿਨਾਂ ਵਿਚ ਜਦੋਂ ਸਭ ਮੁਸਲਮਾਨ ਪਿੰਡ ਛੱਡ ਕੇ ਨਸ ਗਏ ਤਾਂ ਉਹ ਉਸੇ ਤਰ੍ਹਾਂ ਬੇ ਖਟਕੇ ਰਹਿੰਦੇ ਰਹੇ। ਸਿਆਣਿਆਂ ਨੇ ਉਸ ਨੂੰ ਬੜਾ ਦਲਾਸਾ ਦਿੱਤਾ ਹੋਇਆ ਸੀ। ਦੁੱਲਾ ਸਿੰਘ ਨੇ ਜਨਤੋ ਨੂੰ ਆਪਣੇ ਘਰ ਧੀ ਵਾਂਗ ਰਖ ਲਿਆ।

ਅਖੀਰ ਪਿੰਡ ਦੇ ਮੂੰਹ ਜ਼ੋਰ ਮੁੰਡੇ ਰਹਿਮੇ ਨੂੰ ਵੀ ਡਰਾਬੇ ਦੇਣ ਲਗ ਪਏ। ਉਹ ਪਿੰਡ ਦੇ ਸਿਆਣੇ ਬੰਦਿਆਂ ਕੋਲ ਤਰਲੇ ਮਿੰਨਤਾਂ ਕਰਦਾ ਫਿਰਿਆ ਕਰੇ। ਕਈ ਦਫਾ ਉਸ ਨੇ ਕੈਂਪ ਚਲੇ ਜਾਣ ਲਈ ਛੁਟੀ ਮੰਗੀ, ਪਰ ਬਜ਼ੁਰਗਾਂ ਨੇ ਉਸ ਨੂੰ ਯਕੀਨ ਦਿਵਾਇਆ ਕਿ ਉਸ ਤੇ ਕੋਈ ਵਧੀਕੀ ਨਹੀਂ ਹੋਵੇਗੀ।

ਸਿਆਣਿਆਂ ਨੇ ਪਿੰਡ ਦੇ ਭੂਤੇ ਹੋਏ ਮੁੰਡਿਆਂ ਨੂੰ ਕਈ ਵਾਰ ਸਮਝਾਇਆ ਕਿ ਤੇਲੀ, ਭਰਾਈ, ਪੇਂਜਾ ਤੇ ਲਿਲਾਰੀ ਤਾਂ ਸਾਰੀ ਉਮਰ ਸਾਡੀ ਸੇਵਾ ਕਰਦੇ ਰਹੇ ਨੇ, ਉਨ੍ਹਾਂ ਨੇ ਸਾਡਾ ਕੁਝ ਨਹੀਂ ਵਿਗਾੜਿਆ। ਪਰ ਇਕ ਰਾਤ ਬੂਹਾ ਭੰਨ ਕੇ ਮੁੰਡਿਆਂ ਨੇ ਰਹਿਮੇ ਨੂੰ ਅੰਦਰ ਮੰਜੇ ਤੇ ਪਏ ਨੂੰ ਹੀ ਟੁਕ ਦਿਤਾ। ਸਿਆਣੇ ਬੰਦਿਆਂ ਨੂੰ ਬੇ-ਹਦ ਦੁਖ ਤੇ ਨਮੋਸ਼ੀ ਹੋਈ। ਜਦੋਂ ਮੁੰਡਿਆਂ ਨੂੰ ਤਾੜਨ ਲਗੇ ਤਾਂ ਉਨ੍ਹਾਂ ਨੇ ਅਗੋਂ ਆਖਿਆ,



"ਉਨ੍ਹਾਂ ਨੇ ਨਹੀਂ ਸਾਡੇ ਪਿੰਡ ਦੇ ਕਈ ਬੰਦੇ ਬਾਰ ਵਿਚ ਵੱਢੇ। ਬਦਲਾ ਕਿਉਂ ਨਾ ਲਈਏ।" ਸਿਆਣਿਆਂ ਦੀ ਕੀ ਵਾਹ ਚਲ ਸਕਦੀ ਸੀ, ਦੋਹੀਂ ਪਾਸੀਂ ਬੰਦੇ ਮਨੁੱਖਾਂ ਤੋਂ ਪਸ਼ੂ ਬਣ ਗਏ ਸਨ। ਹੁਣ ਤਕ ਲੋਕਾਂ ਨੂੰ ਰਹਿਮੇ ਦੇ ਮਰਨ ਅਤੇ ਜਨਤੋ ਦੇ ਪਾਕਿਸਤਾਨ ਜਾਣ ਦਾ ਹਾਵਾ ਹੈ।

# ਜਦੋਂ
# ਲੋਕੀ
# ਸੁੱਤੇ
# ਪਏ
# ਸਨ

੭

# ਜਦੋਂ ਲੋਕੀ ਸੁੱਤੇ ਪਏ ਸਨ

ਚੌਦਾਂ-ਪੰਦਰਾਂ ਅਗਸਤ ਦੀ ਰਾਤ ਵੀ ਭਾਰਤ ਵਾਸੀਆਂ ਲਈ ਇਕ ਅਨੋਖੀ ਰਾਤ ਬਣ ਗਈ ਹੈ। ਲੋਕਾਂ ਦੇ ਇਸ ਰਾਤ ਦੇ ਸੁਫਨਿਆਂ ਦਾ ਕੋਈ ਕੀ ਅੰਦਾਜ਼ਾ ਲਾਵੇ। ਜਿੰਨੇ ਦਿਲ ਉੱਨੀਆਂ ਛੱਲਾਂ, ਜਿੰਨੇ ਸਿਰ ਉੱਨੇ ਸੁਫ਼ਨੇ। ਫੇਰ ਵੀ ਮੇਰੇ ਵਰਗਾ ਸਾਧਾਰਨ ਬੰਦਾ ਕੁਝ ਕੁ ਸੁਫਨਿਆਂ ਦਾ ਤਾਂ ਨਿਰਨਾ ਕਰ ਸਕਦਾ ਹੈ।

ਸੁਫਨੇ ਸਾਡੀ ਹੋਣੀ ਨਾਲ ਸੰਬੰਧਤ ਹੋਣ ਕਰਕੇ ਅਤੇ ਅਚੇਤ ਮਨ ਵਿੱਚ ਦੱਬੀਆਂ ਘੁਟੀਆਂ ਆਸ਼ਾਂ ਉਮੰਗਾਂ ਦਾ ਉਗਾੜ ਹੋਣ ਕਰਕੇ ਆਸ਼ਾ-ਭਰਪੂਰ ਜਾਂ ਨਿਰਾਸ਼ਾ-ਜਨਕ ਹੁੰਦੇ ਹਨ। ਇਸੇ ਕਰਕੇ ਸੁਫ਼ਨਿਆਂ ਨੂੰ ਅਸੀਂ ਦੋ ਵੱਡੀਆਂ ਕਿਸਮਾਂ ਵਿੱਚ ਵੰਡ ਸਕਦੇ ਹਾਂ—ਦੁਖ, ਨਿਰਾਸਤਾ, ਗਮ ਤੇ ਡਰ ਭਰੇ ਜਾਂ ਸੁਖ, ਖੁਸ਼ੀ, ਆਸ ਅਤੇ ਉਤਸ਼ਾਹ ਭਰਪੂਰ। ਮਸਲਨ ਇਕ ਮੋਟੇ ਸੇਠ, ਜਿਸ ਨੇ ਕ੍ਰਿਪਾਲੂ ਕਾਂਗਰਸ ਸਰਕਾਰ ਦੀ

ਸਰਪਰਸਤੀ ਹੇਠ ਚੋਰ ਬਾਜ਼ਾਰੀ ਰਾਹੀਂ ਲੱਖਾਂ ਰੁਪਏ ਖੱਟੇ ਹੋਣ, ਉਹ ਸੇਠ ਆਪਣੀ ਸ਼ਰਧਾ ਭੇਟ ਕਰਨ ਜਾਂ ਦਸਵੰਧ ਦੇਣ ਦੇ ਸੁਫਨੇ ਲੈ ਰਿਹਾ ਹੋਵੇਗਾ, ਉਹਦੇ ਸੁਫਨੇ ਜ਼ਰੂਰ ਤੌਖਲ ਭਰਪੂਰ ਹੋਣਗੇ। ਉਹ ਕਈ ਤਰ੍ਹਾਂ ਦੇ ਡਰ ਥੱਲੇ ਬਰੜਾ ਰਿਹਾ ਹੋਵੇਗਾ ਮਤੇ ਉਹਦਾ ਕੋਈ ਏਜੰਟ ਪਾਜ ਉਘਾੜ ਦੇਵੇ, ਮਤੇ ਉਹ ਰੁਪਿਆਂ ਦੇ ਭਾਰ ਥੱਲੇ ਦੱਬਿਆ ਜਾਵੇ, ਮਤੇ ਉਹਦੀ ਕੋਈ ਦੁਖੀ ਸਾਮੀ ਸੜ ਕੇ ਉਹਦਾ ਢਿੱਡ ਫੋਹ ਦੇਵੇ, ਮਤੇ ਕੋਰੀਆ ਦੀ ਲੜਾਈ ਬੰਦ ਹੋ ਜਾਵੇ ਤੇ ਚੋਰ ਗੁਦਾਮਾਂ ਵਿੱਚ ਲੁਕਾਇਆ ਹੋਇਆ ਮਾਲ ਸਸਤਾ ਹੋ ਜਾਵੇ, ਮਤੇ ਉਹ ਪੰਡਤ ਜੀ ਨੂੰ ਸਲਾਮ ਕਰਨ ਲਈ ਵੇਲੇ ਸਿਰ ਲਾਲ ਕਿਲੇ ਨਾ ਪੁਜ ਸਕੇ। ਵਿਚਾਰੇ ਦੀ ਆਤਮਾ ਨੂੰ ਇਸ ਰਾਤੇ ਚੈਨ ਕਿਸ ਤਰ੍ਹਾਂ ਆ ਸਕਦੀ ਹੈ।

ਦੂਜੇ ਪਾਸੇ ਇਕ ਕਿਰਤੀ ਮਜ਼ਦੂਰ ਕਿਸਾਨ ਦੇ ਸੁਫਨੇ ਜਿਸ ਨੂੰ ਸਾਰਾ ਦਿਨ ਹਡ ਭੰਨ ਕੇ ਕੰਮ ਕਰਨ ਪਿਛੋਂ ਰਜਵੀਂ ਰੋਟੀ ਵੀ ਨਸੀਬ ਨਹੀਂ ਹੁੰਦੀ, ਜ਼ਰੂਰ ਖੁਸ਼ੀ ਅਤੇ ਆਸਾ ਭਰਪੂਰ ਹੋਣਗੇ। ਕਹਿੰਦੇ ਨੇ ਸੁਫਨੇ ਸਦਾ ਉਲਟ ਹੁੰਦੇ ਹਨ। ਉਸ ਨੂੰ ਸੁਫਨਿਆਂ ਵਿੱਚ ਕਿਸੇ ਨਵੀਂ ਸਵੇਰ ਦੀ ਲਾਲ ਕੰਨੀ ਦਿਸ ਰਹੀ ਹੋਵੇਗੀ, ਜਦੋਂ ਕਿ ਸਰਮਾਏਦਾਰੀ ਦਾ ਦੌਰ ਖਤਮ ਹੋ ਕੇ ਕਾਮਿਆਂ ਮਜ਼ਦੂਰਾਂ ਦਾ ਅਪਣਾ ਰਾਜ ਹੋਵੇਗਾ, ਜਦੋਂ ਕਿ ਦੁਨੀਆਂ ਵਿੱਚ ਏਕਤਾ ਸਮਾਨਤਾ, ਅਮਨ ਚੈਨ ਦੀ ਅਸਲ ਆਜ਼ਾਦੀ ਹੋਵੇਗੀ।

ਪਰ ਲਾਲੂ ਦੇ ਖੁਸ਼ੀ ਭਰੇ ਸੁਫ਼ਨੇ ਅੱਧੀ ਰਾਤ ਨੂੰ ਟੁਟ ਗਏ। ਉਸ ਨੂੰ ਇਉਂ ਮਲੂਮ ਹੋਇਆ ਕਿ ਦਰੋਗੇ ਦੀ



ਭਿਆਨਕ ਆਵਾਜ਼ ਉਸ ਦੇ ਕੰਨੀ ਪਈ ਹੈ–'ਸਵੇਰੇ ਦੋ ਵਜੇ ਸੜਕਾਂ ਸਾਫ ਕਰਨੀਆਂ ਸ਼ੁਰੂ ਕਰ ਦਿਓ। ਜਿਸ ਦੇ ਹਲਕੇ ਵਿੱਚ ਅਜ ਇਕ ਤੀਲਾ ਵੀ ਰਹਿ ਗਿਆ, ਉਹਦੀ ਸ਼ਾਮਤ ਆਈ ਸਮਝੋ।'' ਲਾਲੂ ਇਕ ਦਮ ਅੱਖਾਂ ਮਲਦਾ ਉਠਿਆ। ਸਰਹਾਣੇ ਦੀ ਥਾਂ ਸਿਰ ਹੇਠ ਲਏ ਹੋਏ ਝਾੜੂ ਨੂੰ ਝੁਕ ਕੇ ਤੁਰਨ ਹੀ ਲੱਗਾ ਸੀ ਕਿ ਉਸ ਦੀ ਨਜ਼ਰ ਇਕ ਦਮ ਬੱਚੇ ਸਮੇਤ ਸੁੱਤੀ ਪਈ ਸਾਥਣ ਤੇ ਪਈ। ਉਸ ਨੇ ਝੁਕ ਕੇ ਦੋਹਾਂ ਵਲ ਦੇਖਿਆ। ਇਕ ਪਿਆਰ ਭਰੀ ਲਹਿਰ ਦਿਲ ਵਿੱਚ ਉੱਠੀ, ਪਰ ਦੂਜੇ ਪਲ ਉਸ ਨੇ ਉਸ ਉਤੇ ਕਾਬੂ ਪਾ ਲਿਆ। ਗੋਤਮ ਬੁਧ ਵਾਂਗ ਸੁੱਤੀ ਪਈ ਜਸ਼ੋਧਰਾਂ ਨੂੰ ਛੱਡ ਕੇ ਕਿਸੇ ਦ੍ਰਿੜ ਇਰਾਦੇ ਨਾਲ ਲਾਲੂ ਉਨ੍ਹਾਂ ਜੀਵਾਂ ਲਈ ਮੁਕਤੀ ਹਾਸਲ ਕਰਨ ਲਈ ਤੁਰ ਪਿਆ।

ਲਾਲ ਕਿਲ੍ਹਾ ਉਸ ਦੀ ਝੌਂਪੜੀ ਤੋਂ ਕੋਈ ਬਹੁਤੀ ਦੂਰ ਨਹੀਂ ਸੀ, ਪਰ ਅਜ ਸ਼ਾਇਦ ਕਾਹਲੀ ਵਿੱਚ ਹੋਣ ਕਰਕੇ ਉਸ ਨੂੰ ਕਾਫੀ ਦੂਰ ਲੱਗਾ। ਉਹ ਘੜੀ ਘੜੀ ਤਾਰਿਆਂ ਵਲ ਦੇਖ ਕੇ ਰਾਤ ਦਾ ਅੰਦਾਜ਼ਾ ਲਾਉਂਦਾ ਸੀ ਕਿ ਕਿਲੇ ਅੰਦਰ ਘੜਿਆਲ ਨੇ ਇਕ ਦਫਾ ਟਨ ਕੀਤਾ। ਲਾਲੂ ਹੋਰ ਤੇਜ਼ ਹੋ ਗਿਆ ਉਸ ਦੇ ਭਾਣੇ ਢਾਈ ਜਾਂ ਸਾਢੇ ਤਿੰਨ ਵਜ ਗਏ ਹਨ।

ਕੁਝ ਦੇਰ ਪਿਛੋਂ ਉਹ ਲਾਲ ਕਿਲ੍ਹੇ ਦੀ ਸਾਹਮਣੀ ਸੜਕ ਉਤੇ ਧੂੜ ਦੀ ਝਿਕ ਹਨੇਰੀ ਵਿਚ ਗੁਆਚ ਗਿਆ। ਮਿਟੀ ਘਟੇ ਦੇ ਇਸ ਵਾ ਵਰੋਲੇ ਵਿਚ ਉਹ ਇਕ ਜਿਨ ਭੂਤ ਦੀ ਤਰ੍ਹਾਂ ਦਿਖਾਈ ਦਿੰਦਾ ਸੀ। ਇਕੱਲਾ ਦੁਕੱਲਾ ਬੰਦਾ

ਜ਼ਰੂਰ ਉਸ ਨੂੰ ਦੇਖ ਕੇ ਡਰ ਜਾਂਦਾ। ਪਲ ਪਲ ਮਗਰੋਂ ਲਾਲੂ ਦੇ ਖੰਘਣ ਦੀ ਆਵਾਜ਼ ਆਉਂਦੀ ਸੀ। ਇਕ ਦੋ ਵਾਰ ਖਾਂਸੀ ਕੁਝ ਵਧੇਰੇ ਜ਼ੋਰ ਫੜ ਗਈ ਤੇ ਉਹ ਮਿਟੀ ਘੱਟੇ ਦੀ ਹਨ੍ਹੇਰੀ ਵਿਚੋਂ ਨਿਕਲ ਕੇ ਸੜਕ ਦੀ ਇਕ ਪਟੜੀ ਤੇ ਸਾਹ ਲੈਣ ਲਈ ਬੈਠ ਗਿਆ।

ਉਸ ਦੇ ਸਾਹਮਣੇ ਲਾਲ ਕਿਲ੍ਹੇ ਦਾ ਧੁੰਦਲਾ ਜਿਹਾ ਨਜ਼ਾਰਾ ਸੀ। ਉਸ ਨੂੰ ਯਾਦ ਆਇਆ ਕਿ ਕਲ ਨੂੰ ਪੰਡਤ ਜੀ ਇਥੇ ਆਜ਼ਾਦੀ ਦਾ ਝੰਡਾ ਝੁਲਾਉਣਗੇ ਅਤੇ ਤਕਰੀਰ ਕਰਨਗੇ। ਉਸ ਵੇਲੇ ਲਾਲੂ ਦੇ ਕੰਨਾਂ ਨੇ ਲਾਲ ਕਿਲ੍ਹੇ ਉਤਲੇ ਝੰਡੇ ਦੀ ਫਰ ਫਰਾਹਟ ਅਨੁਭਵ ਕੀਤੀ ਅਤੇ ਨਾਲ ਹੀ ਮਿਹਤਰ ਯੂਨੀਅਨ ਦੇ ਸਕੱਤਰ ਦੇ ਸ਼ਬਦ ਕੰਨਾਂ ਵਿਚ ਗੂੰਜਣ ਲਗ ਪਏ—''ਇਸ ਝੰਡੇ ਨੇ ਕਈ ਰੰਗ ਬਦਲੇ ਹਨ। ਕਈ ਵਾਰ ਹਿੰਦੁਸਤਾਨ ਆਜ਼ਾਦ ਹੋਇਆ ਅਤੇ ਕਈ ਵਾਰ ਗੁਲਾਮ, ਪਰ ਸਾਡੀ ਕਿਸਮਤ ਕਦੇ ਵੀ ਨਹੀਂ ਬਦਲੀ। ਜੇ ਅਸੀਂ ਇਕ ਜਾਨ ਹੋ ਕੇ ਆਪਣੇ ਹੱਕਾਂ ਲਈ ਨਹੀਂ ਲੜਾਂਗੇ ਤਾਂ ਸਾਡੀ ਹਾਲਤ ਕਦੇ ਵੀ ਬਦਲਨ ਨਹੀਂ ਲੱਗੀ।' ਲਾਲੂ ਦੀ ਸੁਫਨ-ਉਡਾਰੀ ਫੌਰਨ ਕੱਟੀ ਗਈ, ਜਿਸ ਵੇਲੇ ਉਸ ਦੇ ਕੰਨੀ ਕਿਲ੍ਹੇ ਅੰਦਰੋਂ ''ਖਬਰਦਾਰ ਹੋ'' ਦੀ ਆਵਾਜ਼ ਪਈ।

ਘੜੀ ਕੁ ਪਿਛੋਂ ਲਾਲੂ ਫੇਰ ਮਿਟੀ ਦੇ ਗੁਬਾਰ ਵਿਚ ਛੁਪ ਗਿਆ। ਕੁਝ ਦੇਰ ਮਗਰੋਂ ਇਕ ਬੜੀ ਤੇਜ਼ ਆ ਰਹੀ ਮੋਟਰ ਲਾਲੂ ਦੇ ਐਨ ਕੋਲ ਆ ਕੇ ਰੁਕੀ ਅਤੇ ਇਕ ਕੜਕਵੀਂ ਆਵਾਜ਼ ਨੇ ਲਾਲੂ ਨੂੰ ਹੋਸ਼ ਵਿਚ ਲਿਆਂਦਾ, ''ਓਇ ਹਰਾਮ-



ਜ਼ਾਦੇ, ਐਨਾ ਘੱਟਾ ਕਿਉਂ ਉਡਾਇਆ ਈ, ਇਕ ਪਾਸੇ ਹੋ ਜਾ ਨਹੀਂ ਤੇ ਮਿੱਧ ਛੱਡਾਂਗਾ।' ਲਾਲੂ ਝਟ ਪਟ ਇਕ ਪਾਸੇ ਹੋ ਗਿਆ ਅਤੇ ਕਾਰ ਮਿੰਟਾਂ ਸਕਿੰਟਾਂ ਵਿਚ ਉਸ ਦੀਆਂ ਅੱਖਾਂ ਤੋਂ ਉਹਲੇ ਹੋ ਗਈ। ਲਾਲੂ ਸੋਚਦਾ ਸੀ, ਇਹ ਲੋਕ ਇਸ ਵੇਲੇ ਕੀ ਕਰਦੇ ਫਿਰਦੇ ਨ। ਭੋਲੇ ਲਾਲੂ ਨੂੰ ਨਹੀਂ ਸੀ ਪਤਾ ਕਿ ਜਦੋਂ ਲੋਕੀ ਸੁਤੇ ਪਏ ਹੁੰਦੇ ਹਨ, ਇਹ ਲੋਕ ਕੀ ਕੀ ਉਪੱਦਰ, ਬਦਮਾਸ਼ੀਆਂ ਜਾਂ ਬਲੈਕਾਂ ਕਰਦੇ ਹਨ।

ਝਟਕ ਸਸਤਾ ਕੇ ਲਾਲੂ ਫੇਰ ਆਪਣੀ ਕਾਰ ਵਿੱਚ ਜੁਟ ਗਿਆ। 'ਇਕ ਪਾਸੇ ਹੋਈਂ ਜਮਾਦਾਰਾਂ, ਇਕ ਤਾਂਗੇ ਵਾਲੇ ਦੀ ਆਵਾਜ਼ ਨੇ ਲਾਲੂ ਦਾ ਧਿਆਨ ਫੇਰ ਖਿਚ ਲਿਆ। ਤਾਂਗੇ ਵਾਲੇ ਦੇ ਹਮਦਰਦੀ ਭਰੇ ਲਹਿਜੇ ਵਿਚੋਂ ਲਾਲੂ ਨੂੰ ਕੁਝ ਨਿੱਘ ਜਿਹਾ ਮਹਿਸੂਸ ਹੋਇਆ, ਲਕ ਨੂੰ ਸਿਧਾ ਕਰਦੇ ਹੋਏ ਉਸ ਨੇ ਪੁਛਿਆ—''ਕਿੰਨੇ ਵੱਜੇ ਨੇ ਹਜ਼ੂਰ।

ਇਕ ਵੱਜਣ ਵਾਲਾ ਏ।

'ਹੈਂ! ਇਕ!' ਲਾਲੂ ਨੂੰ ਝਟ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ, ਕਿਉਂ ਉਸ ਨੇ ਅਜ ਇੰਨੀ ਕਾਹਲ ਕੀਤੀ।

'ਜਮਾਂਦਾਰਾ, ਅਜ ਬੜੇ ਸਾਜਰੇ ਆ ਗਿਆ ਏਂ?'

'ਜੀ ਦਰੋਗੇ ਦਾ ਹੁਕਮ ਸੀ, ਸੜਕਾਂ ਅਗੇ ਨਾਲੋਂ ਬਹੁਤੀਆਂ ਸਾਫ ਹੋਣ, ਸਵੇਰੇ ਅਮੀਰ ਵਜ਼ੀਰ ਔਣਗੇ, ਆਜ਼ਾਦੀ ਦਾ ਝੰਡਾ ਝੁਲੇਗਾ।'

'ਜਮਾਂਦਾਰਾ, ਸਾਡੀ ਤੁਹਾਡੀ ਆਜ਼ਾਦੀ ਦਾ ਝੰਡਾ

ਨਹੀਂ ਭੁਲਣਾ। ਅਮੀਰਾਂ ਵਜ਼ੀਰਾਂ ਦੀ ਆਜ਼ਾਦੀ ਦਾ ਝੰਡਾ ਲਹਿਰਾਵੇਗਾ।'

'ਨਾਲੇ ਆਂਹਦਾ ਸੀ ਕਿ ਪੰਡਤ ਜੀ ਤਕਰੀਰ ਕਰਨਗੇ।'

'ਜਮਾਂਦਾਰਾ! ਪੰਡਤ ਜੀ ਦੀਆਂ ਨਿਤ ਨਵੇਂ ਸੂਰਜ ਤਕਰੀਰਾਂ ਹੁੰਦੀਆਂ ਨੇ, ਹਰ ਤਕਰੀਰ ਕੋਈ ਨਾ ਕੋਈ ਲਾਰਾ ਹੁੰਦੀ ਐ। ਪਰ ਲੋਕ ਬੜੇ ਸਿਆਣੇ ਹੋ ਗਏ ਨੇ। ਭੁਖਿਆਂ ਦਾ ਹੁਣ ਤਕਰੀਰਾਂ ਨਾਲ ਢਿੱਡ ਨਹੀਂ ਭਰ ਸਕਦਾ। ਇਹ ਲੀਡਰ ਸਾਡਾ ਦੁਖ ਨਹੀਂ ਮਸੂਸ ਕਰ ਸਕਦੇ।

'ਸਚ ਕਹਿਣਾ ਚੌਧਰੀ, ਇਸ ਵਿਚ ਕੋਈ ਝੂਠ ਨਹੀਂ, ਜਿਨ੍ਹੇ ਭੁਖ ਨੰਗ ਕਦੇ ਨਾ ਦੇਖੀ ਹੋਵੇ ਉਹਨੂੰ ਸਾਡੀ ਹਾਲਤ ਦਾ ਕੀ ਪਤਾ ਹੋ ਸਕਦਾ ਏ।'

'ਤੂੰ ਆਪਣੀ ਹਾਲਤ ਵਲ ਈ ਧਿਆਨ ਮਾਰ ਖਾਹ, ਜਿਦਾਂ ਅੱਗੇ ਮਿੱਟੀ ਘੱਟਾ ਫਕਦਾ ਸੀ, ਉਸੇ ਤਰ੍ਹਾਂ ਹੁਣ ਟਕਰਾਂ ਮਾਰਦਾ ਏਂ। ਤੈਨੂੰ ਕੁਝ ਆਜ਼ਾਦੀ ਔਣ ਨਾਲ ਰਤੀ ਰਵਾਲ ਫਰਕ ਪਿਆ ਏ?'

'ਕੁਝ ਨਹੀਂ ਚੌਧਰੀ, ਸਗੋਂ ਅੱਗੇ ਨਾਲੋਂ ਵੀ ਭੈੜੀ ਹਾਲਤ ਹੋ ਗਈ ਏ।'

'ਬੇ ਹੌਸਲਾ ਨਾ ਹੋ ਜਮਾਂਦਾਰਾ ਸਾਡੀ ਕਿਸਮਤ ਵੀ ਪਲਟਣ ਵਾਲੀ ਏ' ਤਾਂਗੇ ਵਾਲੇ ਨੇ ਘੋੜੇ ਨੂੰ ਛੈਂਟਾ ਮਾਰਿਆ, ਉਹ ਤੁਰ ਪਿਆ।

'ਚੌਧਰੀ, ਕਿਉਂ ਘੋੜੇ ਦੀ ਜਾਨ ਮਾਰਦਾ ਇਸ ਵੇਲੇ' ਜਮਾਂਦਾਰ ਨੇ ਹੌਸਲਾ ਫੜ ਕੇ ਆਖਿਆ।



'ਜਮਾਂਦਾਰ, ਮੇਰਾ ਆਪਣਾ ਤਾਂਗਾ ਨਹੀਂ' ਪਿਛਲੇ ਪਾਸੇ ਕਾਹਲੀ ਕਾਹਲੀ ਤੁਰੇ ਆਉਂਦੇ ਆਦਮੀ ਵਲ ਕਿਸੇ ਆਸ ਨਾਲ ਦੇਖ ਕੇ ਘੋੜੇ ਨੂੰ ਰੋਕਦੇ ਹੋਏ ਉਸ ਨੇ ਕਿਹਾ, 'ਕਰਾਏ ਤੇ ਲਿਆ ਹੋਇਐ, ਸਿਰਫ ਰਾਤ ਨੂੰ ਮਿਲਦਾ।'

'ਰਾਤ ਨੂੰ ਤੈਨੂੰ ਕੀ ਬਚਦਾ ਹੋਊ?'

'ਕਿਸੇ ਕਿਸੇ ਦਿਨ ਤਾਂ ਚੰਗਾ ਹਥ ਪੈ ਜਾਂਦਾ ਏ ਜਮਾਂਦਾਰਾ, ਜਦੋਂ ਲੋਕੀ ਸੁਤੇ ਪਏ ਹੁੰਦੇ ਨੇ ਤੈਨੂੰ ਕੀ ਖਬਰ ਏ ਕੀ ਕੁਝ ਹੁੰਦਾ ਏ।' ਫੇਰ ਪਿਛੇ ਆ ਰਹੇ ਆਦਮੀ ਨੂੰ ਸਵਾਰੀ ਸਮਝ ਕੇ ਤਾਂਗੇ ਵਾਲਾ ਬੋਲਿਆ, 'ਆਓ ਜੀ, ਕਿਧਰ ਚਲਣਾ।'।

ਮੈਂ ਤੇ ਭਈ ਅਕਬਾਰ ਲੈਨੇ ਜਾ ਰਹਾ ਹੂੰ। ਆਜ ਅਜ਼ਾਦੀ ਨੰਬਰ ਨਿਕਲਨੇ, ਹੈਂ ਨਾ। ਬਹੁਤ ਭੀੜ ਹੋਗੀ।'

'ਭਈਆ ਤਾਂ ਆਜ਼ਾਦੀ ਦੀ ਖੁਸ਼ੀ ਵਿਚ ਉੜਿਆ ਜਾਂਦਾ ਵੇ।'

'ਅਰੇ ਹਮ ਨੇ ਤੋ ਆਜ਼ਾਦੀ ਕਾ ਕੁਛ ਨਹੀਂ ਦੇਖਾ ਹਮਾਰੇ ਲੀਏ ਤੋ ਕੁਛ ਨਹੀਂ ਬਦਲਾ।

'ਭਈਆ, ਐਡੀ ਛੇਤੀ ਸਭ ਕੁਝ ਕਿੱਦਾਂ ਬਦਲ ਜਾਵੇ' ਅਜੇ ਤਾਂ ਮਸਾਂ ਪੰਜ ਸਾਲ ਹੋਏ ਨੇ। ਸਾਡੀ ਸਰਕਾਰ ਸਹਿਜ ਪਕੇ ਸੋ ਮੀਠ ਹੋ ਦੀ ਪਾਲਸੀ ਤੇ ਚਲਦੀ ਏ।'

ਭਈਆ ਵੀ ਕੋਈ ਖਰ ਦਿਮਾਗ਼ ਨਹੀਂ ਸੀ। ਕੋਚਵਾਨ ਦੀ ਚੋਟ ਨੂੰ ਝਟ ਸਮਝ ਗਿਆ। ਦੋ ਚਾਰ ਕਦਮ ਮੁੜ ਕੇ ਆਖਣ ਲੱਗਾ, 'ਭਾਈ, ਮਖੌਲ ਕਿਆ ਕਰਤੇ ਹੈਂ। ਹਮ ਭੀ

ਤੇ ਆਪ ਕੇ ਸਾਥੀ ਹੈਂ।' ਗਾਂਧੀ ਟੋਪੀ ਉਤਾਰ ਕੇ ਹਥ ਵਿਚ ਲੈ ਕੇ, 'ਯੇ ਤੋ ਭੇਖ ਬਨਾ ਰੱਖਾ ਹੈ, ਆਜ ਕਲ ਇਸ ਕੇ ਪਹਿਨਨੇ ਸੇ ਅਖ਼ਬਾਰ ਦੁਗਨਾ ਬਿਕਤਾ ਹੈ।' ਇਹ ਗਲ ਸੁਣ ਕੇ ਕੋਚਵਾਨ ਉੱਚੀ ਉੱਚੀ ਖਿੜ ਖਿੜਾ ਕੇ ਹਸ ਪਿਆ। ਭਈਆ ਵੀ ਆਪਣੇ ਰਸਤੇ ਚਲਾ ਗਿਆ।

ਲਾਲੂ ਕਾਫੀ ਦੇਰ ਖੜਾ ਕੁਝ ਸੋਚਦਾ ਰਿਹਾ। ਸ਼ਾਇਦ ਵਕਤ ਤੋਂ ਪਹਿਲਾਂ ਆ ਜਾਣ ਕਰਕੇ ਪਛਤਾ ਰਿਹਾ ਸੀ ਜਾਂ ਵਾਪਸ ਜਾਣ ਬਾਰੇ ਦੁਚਿੱਤੀ ਵਿਚ ਪਿਆ ਹੋਇਆ ਸੀ। ਅਖੀਰ ਉਹ ਬਿਜਲੀ ਦੇ ਖੰਬੇ ਨਾਲ ਢੋ ਲਾ ਕੇ ਬੈਠ ਗਿਆ। ਕੋਚਵਾਨ ਦੀਆਂ ਗਲਾਂ ਤੇ ਵਿਚਾਰ ਕਰਦਿਆਂ ਉਸ ਨੂੰ ਨੀਂਦਰ ਆ ਗਈ। ਸੁਤੇ ਹੋਏ ਲਾਲੂ ਦੇ ਚਿਹਰੇ ਤੇ ਖੁਸ਼ੀ ਦੀ ਲਾਲੀ ਸੀ। ਸ਼ਾਇਦ ਉਹ ਭਵਿਸ਼ ਦੇ ਆਸ ਭਰਪੂਰ ਸੁਫਨੇ ਲੈਣ ਲਗ ਪਿਆ ਸੀ।



# ਮਨੁਖ ਤੇ ਪਸ਼ੂ

੮

# ਮਨੁਖ ਤੇ ਪਸ਼ੂ

'ਕਾਕਾ, ਕੁਤੇ ਦਰਵੇਸ਼ ਨੂੰ ਨਹੀਂ ਮਾਰਨਾ ਚਾਹੀਦਾ, ਇਸ ਦੀ ਕੂਕ ਦਰਗਾਹੇ ਪੁਜਦੀ ਏ।' ਗਲੀ ਵਿੱਚ ਕੁਤੇ ਦੀ ਕੂਕ ਸੁਣ ਕੇ ਮੈਨੂੰ ਪਿਤਾ ਜੀ ਦੀ ਬਚਪਨ ਵਿਚ ਕਹੀ ਇਹ ਗਲ ਚੇਤੇ ਆ ਗਈ। ਕੁਤੇ ਦੀ ਦਰਦ ਭਰੀ 'ਚਊਂ ਚਊਂ' ਸੁਣ ਕੇ ਮੈਂ ਬਾਰੀ ਥਾਣੀਂ ਬਾਹਰ ਵਲ ਝਾਤ ਮਾਰੀ। ਮਹੱਲੇ ਦੇ ਬਹੁਤ ਸਾਰੇ ਨਿਕੇ ਨਿਕੇ ਮੁੰਡੇ ਇਕ ਕੁਤੇ ਨੂੰ ਵੱਟੇ ਮਾਰ ਰਹੇ ਸਨ–'ਮਾਰੋ, ਮੁਸਲਮਾਨਾਂ ਦੇ ਕੁੱਤੇ ਨੂੰ ਮਾਰੋ, ਮਾਰੋ।'

ਕੁੱਤੇ ਨੂੰ ਮੈਂ ਫੌਰਨ ਪਛਾਣ ਲਿਆ, ਇਹ ਉਹੋ 'ਕਬੀਰ ਮੰਜ਼ਲ' ਦੀ ਕੋਠੀ ਵਾਲੇ ਸ਼ੇਖਾਂ ਦਾ ਕੁੱਤਾ ਸੀ, ਜਿਨ੍ਹਾਂ ਦੀ ਕੋਠੀ ਦੇ ਹਾਲ ਕਮਰੇ ਉਤੇ ਅਜੇ ਵੀ ਤਿੰਨ ਰੰਗੇ ਝੰਡੇ ਦੀ ਇਕ ਅੱਧ-ਲੀਰ ਬਾਂਸ ਨਾਲ ਲਟਕ ਰਹੀ ਹੈ। ਕੁੱਤਾ ਐਨਾ ਸ਼ਕਲੋਂ ਬੇ-ਸ਼ਕਲ ਹੋ ਚੁੱਕਾ ਸੀ ਕਿ ਸ਼ਾਇਦ ਉਸ ਦੇ ਮਾਲਕ

ਵੀ ਉਸ ਨੂੰ ਪਛਾਣ ਨਾ ਸਕਦੇ। ਉਸ ਦਾ ਲਕ ਟੁੱਟਾ ਹੋਇਆ ਸੀ, ਪਿਛਲੀਆਂ ਦੋਵੇਂ ਲੱਤਾਂ ਉਹ ਬੜੀ ਮੁਸ਼ਕਲ ਨਾਲ ਘੜੀਸ ਕੇ ਤੁਰਦਾ ਸੀ, ਉਸ ਦੀ ਇਕ ਅੱਖ ਵਟਿਆਂ ਦੀ ਸਟ ਨਾਲ ਕਾਣੀ ਅਤੇ ਸੋਜ ਨਾਲ ਕਾਫੀ ਉਭਰੀ ਹੋਈ ਸੀ। ਪਿਠ ਉਤੇ ਕਈ ਥਾਵਾਂ ਤੋਂ ਖ਼ੂਨ ਵਗਦਾ ਸੀ।

ਕੁੱਤੇ ਦੀ ਹਾਲਤ ਦੇਖ ਕੇ ਮੈਨੂੰ ਬੜਾ ਤਰਸ ਆਇਆ, ਪਰ ਮੇਰੇ ਕਿਸੇ ਜ਼ਤਨ ਕਰਨ ਤੋਂ ਪਹਿਲਾਂ ਹੀ ਮਹੱਲੇ ਦੇ ਇਕ ਬੁਢੇ ਬਾਬੇ ਨੇ ਮੁੰਡਿਆਂ ਨੂੰ ਰੋਜ਼ ਵਾਂਗ ਝਿੜਕਾ ਮਾਰਿਆ। ਮੁੰਡੇ ਝਟ ਪਟ ਅੰਦਰ ਚਲੇ ਗਏ। ਕੁਤੇ ਨੇ ਬੜੀ ਮੁਸ਼ਕਲ ਨਾਲ ਮੂੰਹ ਮੋੜ ਕੇ ਸੁਜਾਖੀ ਅੱਖ ਨਾਲ ਬਾਬੇ ਵਲ ਦੇਖਿਆ ਤੇ ਪੂਛ ਹਿਲਾਈ। ਬਾਬੇ ਨੇ ਆਪਣੀ ਬੁੱਕਲ ਵਿਚੋਂ ਇਕ ਮੋਟੀ ਜਿਹੀ ਰੋਟੀ ਕੱਢੀ, ਛੋਟੇ ਛੋਟੇ ਟੁਕੜੇ ਕਰਕੇ ਇਕ ਸਾਫ ਜਹੀ ਇੱਟ ਉਤੇ ਕੁੱਤੇ ਦੇ ਅਗੇ ਰਖ ਦਿੱਤੀ। ਕੁੱਤਾ ਪੂਛ ਹਿਲਾਉਂਦਾ ਹੋਇਆ ਰੋਟੀ ਖਾਂਦਾ ਰਿਹਾ।

ਸ਼ਾਇਦ ਬਾਬੇ ਦੀ ਮਦਦ ਦੇ ਹੌਸਲੇ ਤੇ ਜਾਂ ਭੁਖੇ ਪੇਟ ਵਿਚ ਪਈ ਰੋਟੀ ਦੇ ਅਧਾਰ ਤੇ ਕੁੱਤਾ ਇਕ ਵਾਰ ਫੇਰ ਆਪਣੇ ਘਰ ਅੰਦਰ ਜਾਣ ਲਈ ਦਰਵਾਜ਼ੇ ਵਲ ਵਧਿਆ।

'ਕੁੱਤਾ ਅੰਦਰ ਲੰਘ ਚਲਿਆ, ਇਕ ਮੁੰਡੇ ਨੇ ਰੌਲਾ ਪਾ ਦਿਤਾ। ਮੁੰਡਿਆਂ ਨੇ ਝਟ ਪਟ ਇੱਟਾਂ ਤੇ ਵਟਿਆਂ ਨਾਲ ਕੁਤੇ ਉਤੇ ਹੱਲਾ ਬੋਲ ਦਿਤਾ। ਇਕ ਵੱਡੀ ਸਾਰੀ ਇਟ ਉਸ ਦੇ ਮੱਥੇ ਵਿਚਕਾਰ ਵੱਜੀ ਤੇ ਉਹ ਉਲਟ ਕੇ ਸਰਦਲ ਤੋਂ ਹੂੰਜੇ ਗਲੀ ਵਿਚ ਡਿਗ ਪਿਆ।



ਕੋਠੀ ਦੇ ਨਵੇਂ ਮਾਲਕਾਂ ਦੇ ਮੁੰਡੇ ਝਟ ਪਟ ਦਰਵਾਜ਼ਾ ਬੰਦ ਕਰਕੇ ਕਬੀਰ ਮੰਜ਼ਲ ਅੰਦਰ ਚਲੇ ਗਏ।

ਚਾਰ ਸਤੰਬਰ ੧੯੪੭ ਦੀ ਸ਼ਾਮ ਤਕ ਸ਼ੇਖਾਂ ਦਾ ਟੱਬਰ ਕਰੋਲ ਬਾਗ ਦੀ ੭੫ ਫੀ ਸਦੀ ਹਿੰਦੂ ਸਿਖ ਆਬਾਦੀ ਵਿਚ ਬੇਖੌਫ ਸੌਂ ਰਿਹਾ। ਖਾਓ ਪੀਏ ਵੇਲੇ ਬਜ਼ੁਰਗ ਬਾਬਾ ਉਹਨਾਂ ਦੇ ਘਰ ਗਿਆ, 'ਬੱਚਾ, ਤੁਹਾਨੂੰ ਅਜ ਰਾਤੋ ਰਾਤ ਕੁਝ ਦਿਨਾਂ ਲਈ ਇਥੋਂ ਚਲੇ ਜਾਣਾ ਚਾਹੀਦਾ ਏ, ਕਿਉਂਕਿ ਸ਼ਹਿਰ ਦੀ ਹਵਾ ਬਹੁਤ ਖ਼ਰਾਬ ਹੋ ਚੁਕੀ ਏ। ਅਜਿਹੀ ਹਾਲਤ ਵਿਚ ਭਲੇ ਬੁਰੇ ਦੀ ਕੋਈ ਪਛਾਣ ਨਹੀਂ ਰਹਿੰਦੀ।'

ਬਾਬਾ ਜੀ ਦੀ ਗਲ ਤੇ ਸ਼ੇਖਾਂ ਨੂੰ ਯਕੀਨ ਸੀ, ਪਰ ਉਹ ਦੂਜੀ ਭਲਕ ਜਾਣਾ ਚਾਹੁੰਦੇ ਸਨ।

ਰਾਤ ਦੇ ਕੋਈ ਗਿਆਰਾਂ ਕੁ ਵਜੇ ਦੇਵ ਨਗਰ ਵਲੋਂ ਬੰਬਾਂ ਦੇ ਫਟਨ ਦੀਆਂ ਆਵਾਜ਼ਾਂ ਆਈਆਂ। ਘੜੀ ਪਲ ਵਿਚ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ। ਚੀਕਾਂ ਪੁਕਾਰਾਂ ਦਾ ਰੌਲਾ ਸੁਣ ਕੇ ਸ਼ੇਖਾਂ ਦਾ ਸਾਰਾ ਟੱਬਰ ਅੱਧੀ ਰਾਤ ਨੂੰ ਉਠ ਕੇ ਬੈਠ ਗਿਆ।

ਰਾਤ ਦੇ ਡੇਢ ਵਜੇ ਤਕ ਉਹਨਾਂ ਨੇ ਬਚਿਆਂ ਅਤੇ ਜ਼ਨਾਨੀਆਂ ਨੂੰ ਮੋਟਰ ਵਿਚ ਬਿਠਾ ਕੇ ਜਾਮਾ ਮਸਜਦ ਵਲ ਕਿਸੇ ਘਰ ਪੁਚਾ ਦਿੱਤਾ। ਦੂਜੇ ਗੇੜ ਮਾਇਆਂ ਨੂੰ ਬਿਨਾਂ ਕੋਈ ਸਾਮਾਨ ਚੁਕੇ ਖੁਲ੍ਹੇ ਬੂਹੇ ਨਸਣਾ ਪਿਆ। ਅਸਲ ਵਿਚ ਬਾਬੇ ਦੀ ਕਿਸੇ ਨੂੰ ਰੋਕਣ ਦੀ ਆਵਾਜ਼ ਨੇ ਉਹਨਾਂ ਨੂੰ ਫੌਰੀ ਖਤਰੇ ਤੋਂ ਜਾਣੂ ਕਰਵਾ ਦਿਤਾ ਸੀ।

ਉਹਨਾਂ ਦੇ ਚਲੇ ਜਾਣ ਦੇ ਕੁਝ ਚਿਰ ਪਿਛੋਂ ਦੋ ਗੁਆਂਢੀ ਹੱਥ ਵਿਚ ਹਥਿਆਰ ਮਾਰ ਫੜੀ ਅੰਦਰ ਆਣ ਵੜੇ। ਬੰਨ੍ਹੇ ਹੋਏ ਕੁਤੇ ਦੀ ਇਨਸਾਨੀਅਤ ਨੇ ਉਹਨਾਂ ਦੀ ਹੈਵਾਨੀਅਤ ਤੇ ਕੋਈ ਸ਼ੱਕ ਨਾ ਕੀਤਾ। ਸੁੰਨਾ ਮਕਾਨ ਦੇਖ ਕੇ ਉਹਨਾਂ ਦੀ ਰਾਖਸ਼ ਬੁੱਧੀ ਫੌਰਨ ਚੋਰ ਬੁੱਧੀ ਵਿਚ ਪਲਟ ਗਈ। ਜਿਸ ਵੇਲੇ ਦਰਵਾਜ਼ੇ ਨੂੰ ਅੰਦਰੋਂ ਬੰਦ ਕਰਨ ਲਈ ਕੁਤੇ ਕੋਲੋਂ ਦੀ ਲੰਘੇ, ਫੇਰ ਵੀ ਕੁਤੇ ਨੇ ਉਹਨਾਂ ਗੁਆਂਢੀਆਂ ਦੀ ਬਦਨੀਤੀ ਉਤੇ ਰਤਾ ਭਰ ਸ਼ੱਕ ਨਾ ਕੀਤਾ ਸਗੋਂ ਪੂਛ ਹਿਲਾਈ।

ਸਵੇਰੇ ਚਾਰ ਕੁ ਵਜੇ ਡੀਊਟੀ ਤੇ ਖੜਾ ਉਹੀ ਕੁੱਤਾ ਦੋਹਾਂ ਜੁਆਨਾਂ ਨੂੰ ਟੁਟ ਕੇ ਪਿਆ। ਛਣ ਛਣ ਕਰਦੇ ਦੋ ਟਰੰਕ ਉਹਨਾਂ ਦੇ ਸਿਰਾਂ ਉਤੋਂ ਡਿਗ ਪਏ। ਕੁੱਤੇ ਦੇ ਉੱਚੀ ਕੂਕਣ ਅਤੇ ਰਸਤਾ ਰੋਕਣ ਕਰਕੇ ਉਹਨਾਂ ਨੂੰ ਬੇਹਦ ਗੁੱਸਾ ਸੀ । 'ਪਲ ਕੁ ਪਿਛੋਂ ਠਾਹ ਇਕ ਜ਼ੋਰ ਦੀ ਲਾਠੀ ਬੰਨ੍ਹੇ ਹੋਏ ਕੁਤੇ ਦੀ ਧੌਣ ਉਤੇ ਵੱਜੀ। ਉਹ ਉਚੀ ਪੁਕਾਰ ਉਠਿਆ।

'ਫਿਟੇ ਮੂੰਹ ਤੁਹਾਡਾ, ਲਖ ਲਾਹਨਤ, ਦਰਵਾਜ਼ੇ ਦੀ ਝੀਤ ਥਾਣੀ ਇਹ ਆਵਾਜ਼ ਸੁਣ ਕੇ ਦੋਵੇਂ ਝਟ ਪਟ ਕੋਠੀ ਦੇ ਹਾਲ ਕਮਰੇ ਵਲ ਚਲੇ ਗਏ। ਰੋਂਦਾ ਹੋਇਆ ਕੁੱਤਾ ਆਵਾਜ਼ ਪਛਾਣ ਕੇ ਪੂਛ ਹਿਲਾਉਣ ਲਗ ਪਿਆ ਅਤੇ ਇਕ ਦਮ ਉੱਚੀ ਸਾਰੀ ਕੂਕ ਉਠਿਆ, ਪਤਾ ਨਹੀਂ. ਦਿਲ ਦੇ ਕੀਹ ਭਾਵ ਜ਼ਾਹਰ ਕਰਨ ਲਈ।



# ਮਹਾ
# ਤਮਾ

## ੯

# ਮਹਾਤਮਾ

ਗੱਡੀ ਤੁਰਨ ਵਿਚ ਕੁਝ ਮਿੰਟ ਹੀ ਬਾਕੀ ਸਨ। ਮੈਂ ਬੜੀ ਕਾਹਲੀ ਕਾਹਲੀ ਕਿਸੇ ਵਿਹਲੇ ਡੱਬੇ ਦੀ ਭਾਲ ਵਿਚ ਫਿਰ ਰਿਹਾ ਸਾਂ। ਇਕ ਡੱਬੇ ਦੇ ਬਾਹਰਵਾਰ ਬਹੁਤ ਸਾਰੇ ਆਦਮੀ ਖੜੇ ਸਨ। ਉਸ ਡੱਬੇ ਵਿਚ ਬੈਠਾ ਇਕ ਮਸਤ ਫ਼ਕੀਰ ਉਨ੍ਹਾਂ ਦਾ ਧਿਆਨ-ਕੇਂਦਰ ਬਣਿਆ ਹੋਇਆ ਸੀ। ਮੈਂ ਅੰਦਰ ਵਲ ਝਾਤ ਮਾਰੀ, ਉਸ ਵਿਚ ਬੈਠਣ ਲਈ ਕਾਫ਼ੀ ਗੁੰਜਾਇਸ਼ ਸੀ। ਮੈਂ ਪਰਲੇ ਪਾਸੇ ਮਸਤ ਦੇ ਸਾਹਮਣੇ ਬੈਠ ਗਿਆ। ਮੈਂ ਆਲੇ ਦੁਆਲੇ ਗੱਡੀ ਵਿਚ ਬੈਠੇ ਇਸਤ੍ਰੀ ਮਰਦਾਂ ਵਲ ਨਜ਼ਰ ਮਾਰੀ, ਸਭਨਾਂ ਦੀਆਂ ਅੱਖਾਂ ਉਸ ਮਸਤ ਦੇ ਚਿਹਰੇ ਉੱਤੇ ਗੱਡੀਆਂ ਹੋਈਆਂ ਸਨ। ਉਸ ਦੇ ਟੋਟਕੇ ਸੁਣ ਕੇ ਲੋਕੀ ਬੇਹਦ ਖ਼ੁਸ਼ ਹੋ ਰਹੇ ਸਨ। ਕਿਸੇ ਵੇਲੇ ਉਹ ਗੌਣ ਲਗ ਜਾਂਦਾ ਸੀ ਤੇ ਕਿਸੇ ਵੇਲੇ ਬੜੀਆਂ ਹਸਾਉਣੀਆਂ ਤੇ ਨਿਸ਼ੰਗ ਗੱਲਾਂ ਕਰਨ ਲਗ ਜਾਂਦਾ ਸੀ।

ਜਿਸ ਵੇਲੇ ਮੈਂ ਅੰਦਰ ਜਾ ਕੇ ਆਪਣੀ ਸੀਟ ਤੇ ਬੈਠਾ, ਉਸ ਨੇ ਇਹ ਗੱਲ ਤੋਰੀ ਹੋਈ ਸੀ—'ਜਟ ਦਾ ਮੁੰਡਾ ਭਾਵੇਂ ਖੇਹੀ ਖੋਤਦਾ ਘਰੋਂ ਨਿਕਲਿਆ ਹੋਵੇ, ਪਰ ਜਦ ਫੋਜ ਵਿਚ ਭਰਤੀ ਹੋ ਜਾਂਦਾ ਏ, ਫੇਰ ਉਹਦਾ ਦਿਮਾਗ਼ ਅਸਮਾਨ ਨਾਲ ਜਾ ਲੱਗਦਾ ਏ। ਜਦੋਂ ਕਿਤੇ ਛੁੱਟੀ ਆਵੇ, ਪਹਿਲੋਂ ਪਿਉ ਨੂੰ ਚਿੱਠੀ ਪਾਉਂਦਾ ਏ, 'ਫਲਾਣੀ ਤਰੀਕ ਨੂੰ ਟੇਸ਼ਨ ਪਰ ਮੇਰਾ ਬਿਸਤਰਾ ਉਠਾਣ ਲਈ ਆਓ।' ਪਲਟਨ 'ਚ ਭਾਵੇਂ ਸਾਰਾ ਸਾਰਾ ਦਿਨ ਫਟੀਗ ਹੀ ਕਰਦਾ ਆਇਆ ਹੋਵੇ।' ਇਸ ਗੱਲ ਤੇ ਲੋਕੀ ਖਿੜ ਖਿੜਾ ਕੇ ਹੱਸ ਪਏ। ਇਸ ਤੋਂ ਉਸ ਨੂੰ ਗੱਲਾਂ ਕਰਨ ਦਾ ਹੋਰ ਨਸ਼ਾ ਚੜ੍ਹਿਆ—

'ਸੋ ਭਰਾਵੋ, ਜਦੋਂ ਬੰਦੇ ਨੂੰ ਜ਼ਰਾ ਕੁ ਜਿੰਨੀ ਵੀ ਫੂਕ ਮਿਲਦੀ ਏ ਉਸ ਦਾ ਦਿਮਾਗ਼ ਝਟ ਅਸਮਾਨ ਚੜ੍ਹ ਜਾਂਦਾ ਏ। ਉਸ ਨੂੰ ਤਲਬ ਜੂ ਮਿਲਣ ਲਗ ਪਈ। ਸਭ ਪੈਸੇ ਦੀ ਖੇਡ ਏ। ਪਹਿਲੋਂ ਧਨੀਆਂ ਦੀਆਂ ਦੋ ਗੁੱਤਾਂ ਵਾਲੀਆਂ ਕੁੜੀਆਂ ਹੀ ਬੰਦੇ ਨੂੰ ਬੰਦਾ ਨਹੀਂ ਸਮਝਦੀਆਂ, ਸਾਡੇ ਵਰਗੇ ਮਸਕੀਨਾਂ ਨੂੰ ਦੇਖ ਕੇ ਨਕ ਚਾੜ੍ਹ ਲੈਂਦੀਆਂ ਨੇ, ਜਿੱਦਾਂ ਅਸੀਂ ਉਨ੍ਹਾਂ ਦੇ ਪਿਉ ਦੇ ਆਸਰੇ ਜੀਂਦੇ ਆਂ। ਓਇ, ਅਸੀਂ ਹੋਏ ਮਸਤ ਮਲੰਗ, ਸਾਡੇ ਵੱਲੋਂ ਭਾਵੇਂ ਕੋਈ ਲਾਟ ਦੀ ਬੱਚੀ ਹੋਵੇ, ਅਸੀਂ ਉਸ ਦੀ ਟੌਂ ਨੂੰ ਕੀ ਜਾਣਦੇ ਆਂ, (ਉੱਪਰ ਨੂੰ ਹਥ ਕਰਕੇ ਤੇ ਅੱਖਾਂ ਬੰਦ ਕਰਕੇ) ਅਸੀਂ ਉਸ ਮਾਲਕ ਦੇ ਬੰਦੇ ਆਂ ਜਿਹੜਾ ਸਭ ਤੋਂ ਵਧ ਧਨੀ ਏ, ਜਿਹੜਾ ਸਭ ਨੂੰ ਇਕੋ ਅੱਖ ਨਾਲ ਦੇਖਦਾ ਏ। ਵੇਖੋ ਤਾਂ ਸਹੀ ਸਭ ਇਕੋ ਜਿਹੇ ਹੋ ਜਾਣੇ ਨੇ, ਇਹ ਕਾਣੀਆਂ ਵੰਡਾਂ ਮਿਟ ਜਾਣੀਆਂ ਨੇ, ਇਹ ਟੋਏ ਟਿੱਬੇ ਢਹਿ ਜਾਣੇ ਨੇ। ਫੇਰ ਸਾਨੂੰ ਵੀ ਕੀ ਲੋੜ ਏ ਇਹ ਭੇਸ ਧਾਰਨ ਦੀ। ਰਮਾਨ



ਨਾਲ ਕੋਈ ਕੰਮ ਕਰਾਂਗੇ ਤੇ ਰੋਟੀ ਖਾਵਾਂਗੇ। ਫੇਰ ਆਊ ਸੁਆਦ ਜੀਣ ਥੀਣ ਦਾ। ਹੁਣ ਤਾਂ ਸਭ ਲੋਕੀਂ ਭੱਠ ਝੋਕਦੇ ਨੇ, ਜੀਂਦੇ ਥੋੜ੍ਹੇ ਨੇ। ਅਸੀਂ ਵੀ ਤਾਂ ਭਾਦੋਂ ਦੀ ਮਾਰੂ ਧੁੱਪ ਤੋਂ ਡਰਦੇ ਸਾਧ ਬਣੇ ਸਾਂ।' ਇਹ ਗੱਲ ਆਖ ਕੇ ਉਹ ਬਹੁਤ ਉੱਚੀ ਖਿੜ ਖਿੜਾ ਕੇ ਹੱਸਣ ਲੱਗ ਪਿਆ। ਉਸ ਦੇ ਇਸ ਖੁਲ੍ਹੇ ਹਾਸੇ ਨੇ ਕਈ ਮੁਸਾਫ਼ਰਾਂ ਨੂੰ ਵੀ ਨਾਲ ਹਸਾ ਦਿਤਾ। ਮੈਂ ਵੀ, ਜੋ ਉਸ ਨੂੰ ਹੁਣ ਤਕ ਬੜੇ ਗਹੁ ਤੇ ਦਿਲਚਸਪੀ ਨਾਲ ਤਾੜ ਰਿਹਾ ਸਾਂ, ਹੱਸਣ ਤੋਂ ਰੁਕ ਨਾ ਸਕਿਆ। ਉਸ ਦੀਆਂ ਨਿਝੱਕ ਤੇ ਸਰਲ ਗੱਲਾਂ ਸਭ ਉੱਤੇ ਬਹੁਤ ਅਸਰ ਪਾ ਰਹੀਆਂ ਸਨ। ਇਹ ਸਰਲਤਾ ਤੇ ਨਿਝੱਕਤਾ ਉਸ ਨੂੰ ਸ਼ਾਇਦ ਬਹੁਤ ਸਾਰੀ ਦੁਨੀਆਂ ਦੇਖ ਕੇ ਤੇ ਬੇਅੰਤ ਰਟਨ ਕਰਨ ਪਿਛੋਂ ਪ੍ਰਾਪਤ ਹੋਈ ਜਾਪਦੀ ਸੀ, ਮੈਂ ਦਿਲ ਵਿਚ ਸੋਚ ਰਿਹਾ ਸਾਂ। ਨਹੀਂ ਤਾਂ ਮਾਝੇ ਦੇ ਇਕ ਪੇਂਡੂ ਮੁੰਡੇ ਨੂੰ ਇਹੋ ਜਹੀਆਂ ਗੱਲਾਂ ਕੀ ਆਖ। ਉਹ ਮੈਨੂੰ ਸਾਫ਼ ਇਸੇ ਇਲਾਕੇ ਦਾ ਜੱਟ ਮੁੰਡਾ ਦਿਸ ਰਿਹਾ ਸੀ।

ਭਾਵੇਂ ਉਸ ਨੇ ਸਰੀਰ ਉੱਤੇ ਸੁਆਹ ਤੇ ਮਿੱਟੀ ਘੱਟਾ ਮਲ ਕੇ ਆਪਣਾ ਹੁਲੀਆ ਬਦਲਿਆ ਹੋਇਆ ਸੀ, ਫੇਰ ਵੀ ਕੱਕੇ ਵਾਲਾਂ ਵਿਚੋਂ ਉਸ ਦਾ ਚਿਹਰਾ ਤੇ ਅੱਖਾਂ ਲਟ ਲਟ ਬਲ ਰਹੀਆਂ ਸਨ। ਕੀ ਇਹ ਬੇਫ਼ਿਕਰੀ ਦੇ ਚਿਨ੍ਹ ਸਨ ਕਿ ਰੱਬੀ ਮਸਤੀ ਦੀ ਨਿਸ਼ਾਨੀ? ਸਰੀਰ ਦਾ ਇਹ ਐਨਾ ਤਕੜਾ ਏ, ਫੇਰ ਇਹ ਕੰਮ ਤੋਂ ਡਰ ਕੇ ਕਿਉਂ ਭੱਜਾ ਏ? ਤੇੜ ਉਸ ਨੇ ਕੇਵਲ ਇਕ ਚਾਦਰ ਲਾਈ ਹੋਈ ਸੀ, ਜੇਹੜੀ ਗੱਲਾਂ ਗੱਲਾਂ ਵਿੱਚ ਢਿਲਕ ਢਿਲਕ ਕੇ ਕਾਫ਼ੀ ਹੇਠ ਜਾ ਚੁੱਕੀ ਸੀ। ਦੋ ਤਿੰਨ ਸ਼ਹਿਰੀ ਜ਼ਨਾਨੀਆਂ ਚਾਦਰ ਖੁਲ੍ਹਣ

ਦੇ ਡਰੋਂ ਕਾਫ਼ੀ ਘਬਰਾਈਆਂ ਹੋਈਆਂ ਸਨ। ਗਲ ਉਸ ਦੇ ਕੌਡੀਆਂ ਘੋਗਿਆਂ ਦੀ ਮਾਲ੍ਹਾ ਪਈ ਹੋਈ ਸੀ।

ਅਸੀਂ ਉਸ ਦੀਆਂ ਗੱਲਾਂ ਵਿੱਚ ਐਨਾ ਆਪਾ ਭੁੱਲੇ ਕਿ ਗੁਰਦਾਸਪੁਰ ਸਾਨੂੰ ਪਲ ਵਿਚ ਆ ਗਿਆ ਮਲੂੰਮ ਹੋਇਆ। ਗਰਾਮੋਫ਼ੋਨ ਦੀ ਮਸ਼ੀਨ ਵਾਂਗ ਉਹ ਇਕੱਲਾ ਹੀ ਬੋਲੀ ਜਾਂਦਾ ਸੀ, ਸਭ ਮੁਸਾਫ਼ਰ ਬੁੱਤ ਬਣੇ ਸੁਣੀ ਜਾ ਰਹੇ ਸਨ। ਗੁਰਦਾਸ ਪੁਰ ਤੋਂ ਜਿਸ ਵੇਲੇ ਗੱਡੀ ਤੁਰ ਪਈ ਤਾਂ ਉਹ ਇਕ ਦਮ ਘਬਰਾਇਆ ਹੋਇਆ ਆਲੇ ਦੁਆਲੇ ਦੇਖਣ ਲੱਗ ਪਿਆ। ਚਾਦਰ ਸੰਭਾਲਦਾ ਹੋਇਆ ਝਟ ਉਹ ਗੁਸਲਖਾਨੇ ਵਲ ਗਿਆ। ਫੇਰ ਉੱਚੀ ਉੱਚੀ ਆਵਾਜ਼ਾਂ ਮਾਰਨ ਲੱਗ ਪਿਆ—'ਓਇ ਸਾਧੂ, ਓਇ ਸਾਧੂ। ਓਇ ਕਿਧਰ ਮਰ ਗਿਆ ਏਂ!'

ਜਿਸ ਵੇਲੇ ਕਮਰੇ ਵਿਚੋਂ ਕੋਈ ਉਤਰ ਨਾ ਮਿਲਿਆ ਅਤੇ ਕਾਫ਼ੀ ਦੇਖ ਭਾਲ ਪਿਛੋਂ ਨਾ ਹੀ ਉਸ ਨੂੰ ਕੋਈ ਲੜਕਾ ਦਿਸਿਆ ਤਾਂ ਉਹ ਬੇਹਦ ਘਬਰਾਇਆ ਹੋਇਆ ਲਾਗੇਦੇ ਪਾਸ ਬੈਠੇ ਦੋ ਨੌਜਵਾਨਾਂ ਨੂੰ ਪੁੱਛਣ ਲੱਗਾ—'ਕਿਉਂ ਬਈ ਤੁਸਾਂ ਵੇਖਿਆ ਜੇ ਮੇਰਾ ਮੁੰਡਾ?'

'ਬਾਬਾ, ਸਾਨੂੰ ਕੀ ਪਤਾ ਏ ਕਿਹੜਾ ਸੀ ਤੇਰਾ ਮੁੰਡਾ।' ਉਸ ਦੇ ਮੁੜ ਮੁੜ ਪੁੱਛਣ ਤੇ ਉਹ ਖਰਬੇ ਹੋ ਕੇ ਬੋਲੇ ਅਤੇ ਆਪੋ ਵਿਚ ਹੱਸਣ ਲੱਗ ਪਏ।

"ਬਸ ਤੁਸਾਂ ਉਤਾਰਿਆ ਏ ਮੇਰੇ ਮੁੰਡੇ ਨੂੰ। ਉਹ ਆਪ ਕਿਸ ਤਰ੍ਹਾਂ ਉੱਤਰ ਸਕਦਾ ਸੀ?'



'ਜਾਹ ਉਤਾਰਿਆ ਏ ਤਾਂ ਉਤਾਰਿਆ ਸਹੀ।' ਨੌਜਵਾਨਾਂ ਦੀ ਏਸ ਬੇਪ੍ਰਵਾਹੀ ਨੂੰ ਦੇਖ ਕੇ ਉਸ ਨੇ ਭਵਾਂ ਚੜ੍ਹਾ ਲਈਆਂ ਤੇ ਕਹਿਰਵਾਨ ਹੋ ਕੇ ਉਨ੍ਹਾਂ ਵਲ ਅੱਖਾਂ ਤਾੜ ਤਾੜ ਤੱਕਦਾ ਰਿਹਾ। ਫੇਰ ਪਤਾ ਨਹੀਂ ਉਸ ਨੂੰ ਕੀ ਹੋਇਆ, ਐਨ ਪਾਗਲਾਂ ਦੀ ਤਰ੍ਹਾਂ ਕੋਲ ਬੈਠੇ ਇਕ ਨਿੱਕੇ ਜਿਹੇ ਮੁੰਡੇ ਨੂੰ ਚੁਕ ਕੇ ਜ਼ੋਰ ਨਾਲ ਬੈਂਚ ਤੇ ਮਾਰਿਆ ਅਤੇ ਆਪਣਾ ਸਿਰ ਉੱਪਰ ਫੱਟੇ ਨਾਲ ਜ਼ੋਰ ਜ਼ੋਰ ਦੀ ਮਾਰਨ ਪਿੱਛੋਂ ਪਿੱਟਣ ਲੱਗ ਪਿਆ। ਨਿੱਕਾ ਬੱਚਾ ਠਠੰਬਰ ਜਿਹਾ ਗਿਆ।

'ਓਇ ਲੋਕੋ! ਮੇਰੀ ਜੋੜੀ ਨਿੱਖੜ ਗਈ ਊ! ਵਖਤਾਂ ਨਾਲ ਮੈਂ ਇਨ੍ਹਾਂ ਨੂੰ ਲੱਭਾ ਸੀ। ਤੁਹਾਡਾ ਬੇੜਾ ਗਰਕ, ਤੁਹਾਡਾ ਕੱਖ ਨਾ ਰਹੇ ਉਹਨੂੰ ਉਤਾਰਨ ਵਾਲਿਓ।' ਫੇਰ ਉਨ੍ਹਾਂ ਨੌਜਵਾਨਾਂ ਨੂੰ ਸੰਬੋਧਨ ਕਰਕੇ ਆਖਣ ਲੱਗਾ—'ਤੁਸੀਂ ਦੱਸਣਾ ਏਂ ਕਿ ਨਹੀਂ ਕਿੱਥੇ ਉਤਾਰਿਆ ਏ ਮੇਰੇ ਮੁੰਡੇ ਨੂੰ? ਮੈਂ ਇਸ ਨੂੰ ਵੀ ਤੁਹਾਡੇ ਸਿਰ ਚਾੜ੍ਹ ਕੇ ਮਾਰਨ ਲੱਗਾ ਜੇ।'

ਜਿਉਂ ਹੀ ਉਸ ਨੇ ਨਿੱਕੇ ਮੁੰਡੇ ਨੂੰ ਦੋਹਾਂ ਹੱਥਾਂ ਨਾਲ ਉੱਪਰ ਚੁੱਕਿਆ ਸਭ ਲੋਕੀ ਘਬਰਾ ਗਏ। ਕਈ ਸਿਆਣੇ, ਹੱਥ ਬੰਨ੍ਹਣ ਲੱਗ ਪਏ। ਇਕ ਖੱਦਰ ਦੇ ਕੁੜਤੇ ਵਾਲੇ ਨੌਜਵਾਨ ਨੇ ਉੱਠ ਕੇ ਮੁੰਡਾ ਉਸ ਦੇ ਹੱਥੋਂ ਖੋਹ ਲਿਆ।' 'ਸੰਤਾ, ਇਸ ਨਿਦੋਸੇ ਨੂੰ ਕਿਉਂ ਮਾਰਨ ਲੱਗਾ ਏਂ?'

ਖ਼ੈਰ ਬੱਚੇ ਦਾ ਤਾਂ ਖਹਿੜਾ ਉਸ ਨੇ ਛੱਡ ਦਿਤਾ, ਪਰ ਕਹਿਰੀਆਂ ਅੱਖਾਂ ਨਾਲ ਉਨ੍ਹਾਂ ਨੌਜਵਾਨਾਂ ਨੂੰ ਘੂਰਦਾ

ਹੋਇਆ ਉੱਚੀ ਉੱਚੀ ਗੰਦ ਮੰਦ ਬੋਲਣ ਲਗ ਪਿਆ। ਉਸ ਦੀਆਂ ਗੰਦੀਆਂ ਗਾਲ੍ਹਾਂ ਸੁਣ ਕੇ ਸ਼ਹਿਰੀ ਜ਼ਨਾਨੀਆਂ ਬੜੀਆਂ ਔਖੀਆਂ ਹੋਈਆਂ। 'ਮੂੰਹ ਸੰਭਾਲ ਕੇ ਬੋਲ ਸੰਤਾ', ਇਕ ਨੇ ਹੌਸਲਾ ਕਰਕੇ ਕਹਿ ਈ ਦਿੱਤਾ।

'ਚੁਪ ਰਹੋ ਮਾਈਓ, ਮੈਂ ਸਭ ਜਾਣਦਾ ਹਾਂ ਤੁਹਾਨੂੰ, ਵੱਡੀਆਂ ਪਾਰਸਾਵਾਂ, ਅੰਦਰ ਭਾਵੇਂ ਤੁਹਾਡੇ ਗੰਦ ਗੁੱਦੜ ਭਰਿਆ ਹੋਵੇ, ਉੱਪਰੋਂ ਚਿੱਟੇ ਕਪੜੇ ਪਾ ਕੇ ਸੁਰਖੀਆਂ ਬਿੰਦੀਆਂ ਲਾ ਕੇ ਦੁਨੀਆਂ ਨੂੰ ਠਗਦੀਆਂ ਹੋ। ਮੈਂ ਤੁਹਾਡੇ ਸਾਰੇ ਕਾਰੇ ਜਾਣਦਾਂ, ਪਰਦੇ ਨਾ ਫਲਾਓ ਮੈਥੋਂ।' ਉਹ ਦਬ ਗਈਆਂ। ਇਕ ਬੁਢੀ ਇਸਤ੍ਰੀ ਵਲ ਦੇਖ ਕੇ ਫੇਰ ਬੋਲਣ ਲਗ ਪਿਆ—'ਤੁਹਾਡਾ ਪੁੱਤਰ ਗੁਆਚ ਜਾਏ, ਤਾਰੇ ਤੋੜ ਛੱਡੋਂ ਅਸਮਾਨ ਦੇ, ਤਖਤਾ ਉਲਟ ਸੁਟੋਂ ਦੁਨੀਆਂ ਦਾ, ਹੂੰ!'

ਫੇਰ ਉਹ ਡਰਾਬੇ ਅਤੇ ਸਰਾਪ ਦੇਣ ਲਗ ਪਿਆ— 'ਤੁਹਾਡੇ ਤੇ ਰਬ ਦਾ ਕਹਿਰ ਪਏ ਓਏ ਲੋਕੋ, ਤੁਹਾਡਾ ਕਖ ਨਾ ਰਹੇ, ਤੁਹਾਨੂੰ ਪਾਕਿਸਤਾਨ ਲਵੇ ਲੰਮੀਂ ਹੱਥੀਂ, ਦੇਖੋ ਸਹੀ, ਅਗਲੇ ਟੇਸ਼ਨ ਤੋਂ ਪਹਿਲਾਂ ਪਹਿਲਾਂ ਇਹ ਡੱਬਾ ਧਰਤੀ ਵਿਚ ਨਿੱਗਰ ਜਾਣਾ ਏਂ!'

ਇਹ ਸੁਣ ਕੇ ਬੁਢੇ ਬੁਢੀਆਂ ਤਾਂ ਹਾਲ ਹਾਲ ਕਰਨ ਲਗ ਪਈਆਂ। ਅੱਤ ਹੁੰਦੀ ਦੇਖ ਕੇ ਉਹ ਨੌਜਵਾਨ ਬਹੁਤ ਗਰਮ ਹੋ ਗਏ, ਪਰ ਖੱਦਰ ਦੇ ਕੁੜਤੇ ਵਾਲੇ ਸਾਊ ਬੰਦੇ ਨੇ ਉਨ੍ਹਾਂ ਨੂੰ ਠੰਡਾ ਕਰੀ ਰਖਿਆ।

ਮਹਾਤਮਾ ਪੁਰਸ਼ ਖਿਝਦਾ ਰਿਹਾ, ਖਪਦਾ ਰਿਹਾ, ਸਰਾਪ ਦਿੰਦਾ ਰਿਹਾ। ਨਾ ਗੱਡੀ ਉਲਟੀ ਅਤੇ ਨਾ ਹੀ ਡੱਬਾ



ਧਰਤੀ ਵਿਚ ਗਰਕ ਹੋਇਆ। ਅਖੀਰ ਗੱਡੀ ਛੀਨੇ ਸਟੇਸ਼ਨ ਤੇ ਰੁਕੀ। ਉਹ ਸਹਿਮੇ ਹੋਏ ਮੁੰਡੇ ਨੂੰ ਚੁਕ ਕੇ ਹੇਠ ਲੱਥ ਗਿਆ। ਉਹ ਨੌਜਵਾਨ ਵੀ ਝੋਲਾ ਗਲ ਵਿੱਚ ਪਾਈ ਮਗਰ ਉਤਰਿਆ, ਪਰ ਗੱਡੀ ਤੁਰਦੀ ਤੇ ਮੁੜ ਆ ਚੜ੍ਹਿਆ।

ਉਸ ਦੇ ਬਾਹਰ ਨਿਕਲਣ ਦੀ ਦੇਰ ਸੀ, ਲੋਕੀ ਝਟ ਪਟ ਘੁਸਰ ਮੁਸਰ ਅਤੇ ਆਪੋ ਵਿਚ ਗੱਲਾਂ ਕਰਨ ਲਗ ਪਏ। ਇਉਂ ਜਾਪਿਆ ਜਿਵੇਂ ਬੋਲਣ ਤੋਂ ਕੋਈ ਬੰਦਸ਼ ਹਟ ਗਈ ਹੁੰਦੀ ਏ। ਵਿਸ਼ਾ ਸਭ ਦਾ ਉਹੋ ਮਹਾਤਮਾ ਤੇ ਉਸ ਦੀਆਂ ਅਜੀਬ ਹਰਕਤਾਂ ਸਨ, ਜੋ ਸਭ ਨੂੰ ਹੈਰਾਨ ਕਰ ਚੁੱਕੀਆਂ ਸਨ। ਇਕ ਦੂਜੇ ਤੋਂ ਪੁਛ ਪੁਛਾਈ ਸ਼ੁਰੂ ਹੋਈ—

'ਇਸ ਦੇ ਲੜਕੇ ਕਿਸ ਤਰ੍ਹਾਂ ਹੋ ਗਏ?'

'ਅੰਬਰਸਰ ਤੋਂ ਚੜ੍ਹਨ ਸਮੇਂ ਹੈ ਸੀ ਕੋਈ ਹੋਰ ਲੜਕਾ? ਅਸੀਂ ਤਾਂ ਨਿੱਕੇ ਦਾ ਵੀ ਧਿਆਨ ਨਹੀਂ ਸੀ ਕੀਤਾ', 'ਜਦੋਂ ਤਕ ਉਹਨੂੰ ਚੁਕ ਕੇ ਨਹੀਂ ਮਾਰਿਆ।

ਕਿਉਂ ਬਈ ਨੌਜਵਾਨੋ, ਸਚ ਮੁਚ ਤੁਸੀਂ ਉਤਰਦਾ ਵੇਖਿਆ ਸੀ ਕੋਈ ਲੜਕਾ?'

'ਕਿਥੇ ਜੀ ਅਸੀਂ ਤਾਂ ਐਵੇਂ ਹਸ ਪਏ ਸਾਂ, ਉਸ ਦੀਆਂ ਊਲ ਜਲੂਲ ਗੱਲਾਂ ਸੁਣ ਕੇ।'

'ਬੜੀ ਹੈਰਾਨੀ ਦੀ ਗਲ ਏ। ਕੁਝ ਸਮਝ ਨਹੀਂ ਆਉਂਦੀ ਇਹ ਮਾਮਲਾ ਕੀ ਏ?'

'ਮਾਈ, ਤੂੰ ਲਾਗੇ ਬੈਠੀ ਸੀ, ਦੇਖਿਆ ਸੀ ਕੋਈ

ਮੁੰਡਾ ਨਾਲ ਚੜ੍ਹਦਾ ?'

'ਹੈ ਤਾਂ ਸੀ ਭਾਈ ਇਕ ਬਾਰ੍ਹਾਂ ਤੇਰ੍ਹਾਂ ਵਰ੍ਹਿਆਂ ਦਾ ਮੁੰਡਾ, ਕਈ ਵਾਰ ਉਹ ਬਾਹਰ ਗਿਆ, ਫੇਰ ਸਮੋਸਾ ਲਿਆ ਕੇ ਨਿੱਕੇ ਬੱਚੇ ਨੂੰ ਦੇ ਗਿਆ, ਫੇਰ ਨਿੱਕੇ ਮੁੰਡੇ ਦੇ ਕੰਨ ਵਿੱਚ ਕੁਝ ਘੁਸਰ ਮੁਸਰ ਕਰਦਾ ਰਿਹਾ। ਉਹਨੂੰ ਭਾਈ ਕੁਝ ਅਸ਼ਾਰੇ ਵੀ ਕਰਦਾ ਸੀ। ਫੇਰ ਮੇਰਾ ਧਿਆਨ ਉਹਦੀਆਂ ਗੱਲਾਂ ਵਲ ਲਗ ਗਿਆ, ਖਨੀ ਉਹ ਅੰਬਰਸਰ ਦੇ ਸਟੇਸ਼ਨ ਤੇ ਈ ਉਤਰ ਗਿਆ।'

'ਬਸ ਬਸ, ਠੀਕ ਇਹੋ ਗਲ ਏ', ਉਹ ਖੱਦਰ ਦੇ ਕੁੜਤੇ ਵਾਲਾ ਨੌਜਵਾਨ ਬੋਲਿਆ। 'ਫੇਰ ਇਹ ਮੁੰਡੇ ਕਿਥੋਂ ਲੈ ਆਇਆ ?' ਇਕ ਹੋਰ ਨੇ ਪੁਛਿਆ।

'ਮੇਰਾ ਤਾਂ ਖਿਆਲ ਏ', ਉਸੇ ਨੌਜਵਾਨ ਨੇ ਉੱਤਰ ਦਿੱਤਾ, 'ਇਸ ਨੇ ਆਪਣੀ ਵਹੁਟੀ ਤੇ ਬਚਿਆਂ ਨੂੰ ਛੱਡ ਕੇ ਸਾਧ ਪੁਣੇ ਦਾ ਪਖੰਡ ਰਚ ਲਿਆ ਹੋਣਾ ਏਂ। ਮੈਨੂੰ ਤੇ ਕੰਮਕੋਸ ਲਗਦਾ ਏ। ਇਹੋ ਜਿਹੇ ਨਿਕੰਮੇ ਤੇ ਵਿਹਲੜ ਈ ਬਹੁਤੀਆਂ ਗੱਲਾਂ ਕਰਦੇ ਨੇ। ਕਾਮਾ ਘਟ ਗੱਲਾਂ ਕਰਦਾ ਏ, ਉਸ ਦਾ ਧਿਆਨ ਵਧੇਰੇ ਕੰਮ ਵਲ ਹੁੰਦਾ ਏ। ਮੇਰਾ ਖਿਆਲ ਏ ਫੇਰ ਵੀ ਗਰੀਬਣੀ ਨੂੰ ਤੰਗ ਕਰਦਾ ਰਹਿੰਦਾ ਹੋਵੇਗਾ। ਅਖੀਰ ਬਚਿਆਂ ਨੂੰ ਪਾਲਣ ਲਈ ਉਹ ਸ਼ਹਿਰ ਚਲੀ ਗਈ ਹੋਵੇਗੀ। ਆਖਰ ਇਹ ਉਥੇ ਵੀ ਜਾ ਚਿੰਮੜਿਆ ਹੋਣਾ ਏਂ।'

'ਕਹਿੰਦਾ ਜੂ ਸੀ ਬੜੀ ਮੁਸ਼ਕਲ ਨਾਲ ਲੱਭੇ ਨੇ। ਅਖੀਰ ਉਸ ਵਿਚਾਰੀ ਨਾਲ ਲੜ ਘੁਲ ਕੇ ਬੱਚੇ ਚੁਕ



ਲਿਆਇਆ ਹੋਣਾ ਏਂ। ਵੱਡਾ ਬੱਚਾ ਕੁਝ ਸਮਝਦਾਰ ਸੀ, ਉਹ ਉਥੇ ਸਟੇਸ਼ਨ ਤੇ ਖਿਸਕ ਗਿਆ ਹੋਣਾ ਏਂ, ਇਹ ਤੇ ਗੱਲਾਂ ਵਿਚ ਜੁਟਿਆ ਹੋਇਆ ਸੀ।'

'ਬਿਲਕੁਲ ਇਹੋ ਗਲ ਲਗਦੀ ਏ, ਉਹ ਨਿੱਕੇ ਨੂੰ ਵੀ ਉਤਾਰਨ ਦੇ ਆਹਰ ਵਿੱਚ ਸੀ', ਬੁੱਢੀ ਮਾਈ ਨੇ ਇਸ ਗਲ ਦੀ ਪਰੋੜਤਾ ਕਰਦੇ ਹੋਏ ਕਿਹਾ, 'ਉਸ ਵਿਚਾਰੀ ਦਾ ਖੌਰੇ ਕੀ ਹਾਲ ਹੋਵੇਗਾ। ਮਰਦ, ਗਰੀਬ ਜ਼ਨਾਨੀਆਂ ਨਾਲ ਸਦਾ ਧੱਕਾ ਕਰਦੇ ਨੇ।'

'ਇਨ੍ਹਾਂ ਸਾਧਾਂ ਸੰਤਾਂ ਤੋਂ ਖਬਰੇ ਕਦੋਂ ਛੁਟਕਾਰਾ ਹੋਊ ਹਿੰਦੁਸਤਾਨ ਦਾ' ਇਕ ਪੜ੍ਹਿਆ ਲਿਖਿਆ ਨੌਜਵਾਨ ਬੋਲਿਆ।

'ਕੋਈ ਹੋਰ ਹੀ ਸਰਕਾਰ ਆ ਕੇ ਕਰਾਊ, ਇਹ ਕਾਂਗਰਸ ਸਰਕਾਰ ਤਾਂ ਸਗੋਂ ਮਹਾਤਮਾ-ਪੂਜ ਏ। ਕੁੰਭ ਦੇ ਮੇਲੇ ਵਿਚ ਇਨ੍ਹਾਂ ਲੀਡਰਾਂ ਨੇ ਸੰਤਾਂ ਤੋਂ ਸੈਂਕੜੇ ਆਦਮੀ ਮਰਵਾ ਛੱਡੇ ਸਨ। ਹੁਣ ਜੈ ਪ੍ਰਕਾਸ਼ ਨਰਾਇਣ ਨੂੰ ਵੀ ਮਹਾਤਮਾ ਬਣਨ ਦੀ ਮੁੱਝੀ ਹੋਈ ਏ, ਮਰਨ ਵਰਤ ਧਾਰਨ ਕਰਨ ਲੱਗਾ ਏ ਪੱਸਚਾਤਾਪ ਵਜੋਂ। ਇਹ ਸੰਤ ਵੀ ਜੋਕਾਂ ਬਣ ਕੇ ਚਿਮੜੇ ਹੋਏ ਨੇ ਲੋਕਾਂ ਨੂੰ। ਸਾਡੀ ਆਰਥਕ ਹਾਲਤ ਕਿਵੇਂ ਸੁਧਰੇ !'

ਪਠਾਣ ਕੋਟ ਦਾ ਸਟੇਸ਼ਨ ਆ ਗਿਆ, ਲੋਕਾਂ ਨੇ ਹਫੜਾ ਦਫੜੀ ਮਚਾ ਦਿਤੀ। ਮੈਂ ਕਿੰਨਾ ਚਿਰ ਖੜਾ ਉਸ ਖੱਦਰ ਪੋਸ਼, ਨਵੇਂ ਯੁਗ ਦੇ ਰਾਜਸੀ ਮਹਾਤਮਾ ਦੀਆਂ ਕਹੀਆਂ ਸਾਦਾ ਸਿੱਧੀਆਂ ਗੱਲਾਂ ਨੂੰ ਸੋਚਦਾ ਰਿਹਾ—'ਕਿੰਨਾ

ਫਰਕ ਦੇ ਇਨ੍ਹਾਂ ਦੋਹਾਂ ਤਰ੍ਹਾਂ ਦੇ ਸੰਤਾਂ ਵਿੱਚ, ਉਹ ਕੰਮ ਤੋਂ ਡਰ ਕੇ ਪਖੰਡੀ ਸਾਧੂ ਬਣਿਆ, ਇਹ ਸ਼ਾਇਦ ਆਰਾਮ ਦੀ ਜ਼ਿੰਦਗੀ ਨੂੰ ਲੱਤ ਮਾਰ ਕੇ ਇਸ ਔਖੇ ਜੀਵਨ ਵਿੱਚ ਕੁਦਿਆ ਹੈ। ਆਖਰ ਇਨ੍ਹਾਂ ਨਵੇਂ ਯੁਗ ਦੇ ਮਹਾਤਮਾਂ ਹਥੋਂ ਹੀ ਜਨਤਾ ਦਾ ਕਲਿਆਣ ਹੋਣਾ ਏ।'

'ਬਾਬੂ ਜੀ ਕੁਲੀ ਚਾਹੀਏ ?'

'ਹਾਂ ਬਈ, ਚੁਕ ਲਿਆ ਬਾਹਰ ਉਹ ਟਰੰਕ ਬਿਸਤਰਾ', ਇਹ ਕਹਿੰਦੇ ਹੋਏ ਮੈਂ ਗੱਡੀ ਤੋਂ ਹੇਠ ਉਤਰ ਕੇ ਉਸ ਖੱਦਰ ਪੋਸ਼ ਮਹਾਤਮਾ ਨੂੰ ਦੇਖਣ ਲੱਗਾ, ਉਹ ਲੋਕਾਂ ਦੀ ਭੀੜ ਵਿੱਚ ਰਲ ਮਿਲ ਚੁੱਕਾ ਸੀ।



# ਪੰਦਰਾਂ ਅਗਸਤ

१० 

## ੧੦

# ਪੰਦਰਾਂ ਅਗਸਤ

ਸਤ ਹਜ਼ਾਰ ਫੁਟ ਦੀ ਉਚਾਈ ਤੇ ਪੁਜਣ ਦਾ ਅਵਸਰ ਵਿਰਲਿਆਂ ਨੂੰ ਹੀ ਪ੍ਰਾਪਤ ਹੁੰਦਾ ਹੈ । ਇਨ੍ਹਾਂ ਵਿਰਲਿਆਂ ਵਿਚ ਵਧੇਰੇ ਗਿਣਤੀ ਉਨ੍ਹਾਂ ਦੀ ਹੁੰਦੀ ਹੈ, ਜਿਨ੍ਹਾਂ ਨੇ ਅੰਗ੍ਰੇਜ਼ੀ ਸਰਕਾਰ ਦੀ ਨਿਮਕ ਹਲਾਲੀ ਕੀਤੀ ਹੋਵੇ ਜਾਂ ਜੰਗ ਵਿਚ ਬਲੈਕ ਕਰਕੇ ਚੰਗੇ ਹਥ ਰੰਗੇ ਹੋਣ, ਜਾਂ ਪਿਉ ਦਾਦੇ ਦੀਆਂ ਮਾਰੀਆਂ ਹੋਈਆਂ ਮੱਲਾਂ ਜਾਂ ਜਗੀਰਾਂ ਤੇ ਪਲ ਰਹੇ ਵਿਹਲੜਾਂ ਦੀ ਜਾਂ ਸੁੰਦਰਤਾ ਦੇ ਭੌਰਿਆਂ ਦੀ ਜਾਂ ਫੇਰ ਵਿਚਾਰੇ ਦਾਇਮੀ ਮਰੀਜ਼ਾਂ ਦੀ । ਖੈਰ ਇਸ ਸਾਲ ਕੋਈ ਵੀਹਾਂ ਕੁ ਦਿਨਾਂ ਲਈ ਸਾਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਵਿਰਲਿਆਂ ਵਿਚ ਸ਼ਾਮਲ ਹੋਣ ਦਾ ਮੌਕਾ ਮਿਲ ਗਿਆ । ਡੇਢ ਰੁਪਏ ਰੋਜ਼ਾਨਾ ਕਰਾਏ ਵਾਲਾ ਸਾਡਾ ਕਮਰਾ ਡਲਹੌਜ਼ੀ

ਦੀ ਸਭ ਤੋਂ ਮਸ਼ਹੂਰ ਸੜਕ ਮਾਲ ਦੇ ਐਨ ਉਤੇ ਸੀ। ਪੰਦਰਾਂ ਅਗਸਤ ਵਾਲੇ ਦਿਨ ਦੁਪਹਿਰ ਤਕ ਮੌਸਮ ਬਿਲਕੁਲ ਠੀਕ ਰਿਹਾ। ਕੋਈ ਦੋ ਕੁ ਵਜੇ ਦੇ ਕਰੀਬ ਮੈਂ ਤੇ ਮੇਰਾ ਦੋਸਤ ਆਪਣੇ ਕਮਰੇ ਦੇ ਅਗੇ ਕੁਰਸੀਆਂ ਤੇ ਬੈਠੇ ਧੁਪ ਸੇਕ ਰਹੇ ਸਾਂ। ਸਸਤੇ ਭਾ ਦੇ ਖਰੀਦੇ ਸਿਉ-ਰੁਪਏ ਦੇ ਪੰਝੀ-ਅਸੀਂ ਅੱਜ ਖੁਲ੍ਹੇ ਦਿਲ ਨਾਲ ਲੁਟਾਉਣ ਦੇ ਮੂਡ ਵਿੱਚ ਸਾਂ-ਆਜ਼ਾਦੀ ਦਾ ਦਿਨ ਸੀ ਨਾ!

"ਐਧਰ ਆ ਓਇ ਨੰਤੂ, ਤੈਨੂੰ ਸਿਉ ਦੇਈਏ।
ਦਿਓ ਮਹਾਰਾਜ।

ਨੰਤੂ ਇਸ ਹੋਟਲ ਦਾ ਨੌਕਰ ਸੀ, ਜਿਸ ਦਾ ਕੰਮ ਸਵੇਰ ਤੋਂ ਸ਼ਾਮ ਤਕ ਹੋਟਲ ਦੇ ਤੀਹ ਕਮਰਿਆਂ ਵਿਚ ਲੋੜ ਅਨੁਸਾਰ ਪਾਣੀ ਪੁਚਾਉਣਾ ਹੁੰਦਾ ਸੀ। ਇਸੇ ਕਰਕੇ ਮਾਲਕ ਦੀ ਉਹ ਖਾਸ ਪ੍ਰਵਾਹ ਨਹੀਂ ਸੀ ਕਰਦਾ। ਇਕ ਗਲੋਂ ਉਹ ਸੱਚਾ ਵੀ ਸੀ। ਕੀ ਹੁੰਦੇ ਨੇ ਸੁੱਕੇ ਪੰਦਰਾਂ ਰੁਪਏ ਮਹੀਨਾ, ਜਦੋਂ ਕਿ ਤੇਰਾਂ ਚੌਦਾਂ ਰੁਪਏ ਮਣ ਕਣਕ ਵਿਕਦੀ ਹੋਵੇ। ਘਟ ਤਨਖਾਹ ਨੇ ਹੀ ਤਾਂ ਉਸ ਨੂੰ ਬੇਈਮਾਨ ਤੇ ਗੁਸਤਾਖ ਬਣਾ ਦਿਤਾ ਸੀ। ਜਿਹੜੇ ਨੰਤੂ ਨੂੰ ਬੀੜੀ ਪੀਣ ਨੂੰ ਅਤੇ ਖਾਣ ਪੀਣ ਨੂੰ ਦਿੰਦੇ ਸਨ, ਉਨ੍ਹਾਂ ਲਈ ਪਾਣੀ ਜ਼ਰੂਰ ਵੇਲੇ ਸਿਰ ਪੁਜ ਜਾਂਦਾ ਸੀ, ਬਾਕੀ ਵਿਚਾਰੇ ਉਸਨੂੰ ਆਵਾਜ਼ਾਂ ਹੀ ਮਾਰਦੇ ਰਹਿੰਦੇ ਸਨ। ਸਿਉ ਲੈ ਕੇ ਉਹ ਬਹੁਤਾ ਖੁਸ਼ ਨਾ ਹੋਇਆ, ਸ਼ਾਇਦ ਉਸਨੂੰ ਅਜ ਆਜ਼ਾਦੀ ਦੀ ਖੁਸ਼ੀ ਵਿਚ ਬਣਿਆ ਹੋਇਆ ਕਿਤੋਂ ਪੱਲਾ ਟੱਕਰ ਗਿਆ ਸੀ।



ਜਮਾਂਦਾਰਾ ਕੀ ਗਲ ਏ?

ਜੀ ਬਾਲਾਂ ਨੂੰ ਟੱਟੀ ਫਰਾ ਤੀ ਆ ਐਥੇ। ਕੋਈ ਗਲ ਨਹੀਂ, ਆਜ਼ਾਦੀ ਦਾ ਦਿਨ ਏ ਅਜ। ਅਸੀਂ ਤਾਂ ਜੀ ਏਹੋ ਆਜ਼ਾਦੀ ਦੇਖੀ ਆ, ਜਿਥੇ ਮਰਜੀ ਆ ਟੱਟੀ ਫਿਰ ਦਿਓ, ਜਿਥੇ ਮਰਜੀ ਆ ਗੰਦ ਸੁਟ ਦਿਓ ਹੋਰ ਤਾਂ ਅਸੀਂ ਆਜ਼ਾਦੀ ਅਜ਼ੂਦੀ ਦਾ ਕੁਛ ਨਹੀਂ ਦੇਖਿਆ।

ਜਮਾਂਦਾਰ, ਐਧਰ ਆ, ਤੈਨੂੰ ਸਿਉ ਦੇਈਏ।
ਬੜੀ ਮਿਹਰਬਾਨੀ ਜਨਾਬ।

"ਮਿਹਰਬਾਨੀ ਕਾਹਦੀ ਏ ਇਹ ਤੇ ਆਜ਼ਾਦੀ ਦੀ ਖੁਸ਼ੀ ਦਾ ਇਨਾਮ ਏ।" ਸਾਡੇ ਤਿੰਨਾਂ ਸਿਆਂ ਨਾਲ ਉਸ ਦੇ ਬਚਿਆਂ ਦਾ ਢਿਡ ਤਾਂ ਨਹੀਂ ਸੀ ਭਰ ਜਾਣਾ, ਫੇਰ ਵੀ ਉਸ ਨੂੰ ਖੁਸ਼ ਕਰਨ ਲਈ ਅਸੀਂ ਉਹਨੂੰ ਸਿਉ ਫੜਾ ਦਿਤੇ। ਜਮਾਂਦਾਰ ਵੀ ਅਸਲ ਵਿਚ ਬਖਸ਼ੀਸ਼ਾਂ ਤੇ ਹੀ ਪਲਦਾ ਸੀ। ਪੰਝੀ ਤੀਹ ਘਰਾਂ ਦਾ ਦੋ ਵੇਲੇ ਗੰਦ ਚੁਕਣ ਤੇ ਹਰ ਵੇਲੇ ਸਫ਼ਾਈ ਕਰਨ ਵਾਲਾ ਜਮਾਂਦਾਰ ਕੁਝ ਇਹਸਾਨ ਮੰਦੀ ਨਾਲ ਬੋਲਿਆ—

ਤੁਹਾਡੇ ਸਰਦਾਰਾਂ ਦੀ ਖ਼ੈਰਾਤ ਨਾਲ ਈ ਢਿਡ ਭਰੀਦੈ, ਨਹੀਂ ਤਾਂ ਕਿਆ ਬਣਦਾ ਹੈ ਬੀਹ ਰੁਪੈ ਨਾਲ।

ਜਮਾਂਦਾਰ ਵਲੋਂ ਇਕ ਦਮ ਸਾਡਾ ਧਿਆਨ ਸੜਕ ਉਤੇ ਤੁਰੇ ਜਾਂਦ ਲੋਕਾਂ ਨੇ ਖਿਚ ਲਿਆ। ਡਲਹੌਜ਼ੀ ਦੇ

ਦੋਹਾਂ ਸਿਨਮਿਆਂ ਵਿਚ ਅਜ ਤਿੰਨ ਤਿੰਨ ਸ਼ੋ ਹੋਣੇ ਸਨ– ਆਜ਼ਾਦੀ ਦੇ ਦਿਨ ਦੀ ਖ਼ੁਸ਼ੀ ਵਿਚ। ਸ਼ਾਇਦ ਇਸ ਕਰਕੇ ਬਹੁਤ ਸਾਰੇ ਸ਼ੁਕੀਨ ਨੌਜਵਾਨ ਅਤੇ ਪਊਡਰ ਨਾਲ ਢਕੇ ਹੋਏ ਮੂੰਹਾਂ ਵਾਲੀਆਂ, ਕਾਫ਼ੀ ਗਿਣਤੀ ਵਿਚ ਸਿਨਮੇ ਹਾਲਾਂ ਵਲ ਨੂੰ ਧਾਈ ਕਰੀ ਜਾ ਰਹੀਆਂ ਸਨ। ਧੁਪ ਨਿਕਲੀ ਹੋਣ ਕਰਕੇ ਕਈ ਨਾਚਕਾਂ ਨੇ ਆਪਣੇ ਸ਼ਾਲ ਜਾਂ ਗਰਮ ਕੋਟ ਵੀ ਮੋਢਿਆਂ ਕੋਲ ਫੜਾਏ ਹੋਏ ਸਨ।

ਪਰ ਲੱਕੜ ਮੰਡੀ ਦੇ ਮਜ਼ਦੂਰ ਪੰਦਰਾਂ ਅਗਸਤ ਦੀ ਮਹੱਤਤਾ ਤੋਂ ਬਿਲਕੁਲ ਬੇਖ਼ਬਰ ਸਨ। ਮਜ਼ਦੂਰਾਂ ਦੀ ਡਾਰ ਕੂੰਜ ਵਾਂਗ ਪਿੱਠਾਂ ਤੇ ਸ਼ਤੀਰੀਆਂ ਚੁੱਕੀ ਜਾ ਰਹੀ ਸੀ।

ਰਘੂ ਤੇ ਕਾਂਤੀ ਦੋ ਪਹਾੜੀ ਮਜ਼ਦੂਰ ਰੋਜ਼ ਇਕ ਫੇਰਾ ਸ਼ਤੀਰੀਆਂ ਦਾ ਲਿਆਉਂਦੇ ਹੁੰਦੇ ਸਨ। ਲੱਕੜ ਮੰਡੀ ਤੋਂ ਮੋਟਰ ਬਸ ਦੇ ਅੱਡੇ ਤਕ ਪੰਜ ਮੀਲ ਦਾ ਰਸਤਾ ਉਹ ਬੜੀ ਮੁਸ਼ਕਲ ਨਾਲ ਤੇ ਕਰਦੇ ਹੁੰਦੇ ਸਨ। ਸਾਡੇ ਕਮਰੇ ਕੋਲ ਆ ਕੇ ਰੋਜ਼ ਦਸ ਪੰਦਰਾਂ ਮਿੰਟ ਉਹ ਸਾਹ ਕਢਦੇ ਹੁੰਦੇ ਸਨ। ਰਘੂ ਦਾ ਤਾਂ ਦਮ ਨਾਲ ਦਮ ਨਹੀਂ ਸੀ ਰਲਦਾ ਹੁੰਦਾ। ਮਾੜੇ ਸਰੀਰ ਵਾਲਾ ਰਘੂ ਤਾਂ ਦਸ ਮਿੰਟ ਸਾਹਮਣੇ ਦਰਖਤ ਨਾਲ ਪਿੱਠ ਲਾਕੇ ਅੱਖਾਂ ਬੰਦ ਕਰ ਕੇ ਲੰਮਾ ਪੈ ਜਾਂਦਾ ਸੀ।

ਪੰਜਾਂ ਬਚਿਆਂ ਦੀ ਮਾਂ, ਕਾਂਤੀ ਵੀ ਉਂਜ ਤਾਂ ਕਮਜ਼ੋਰ ਜਹੀ ਹੀ ਸੀ, ਪਰ ਉਹ ਹੌਸਲਾ ਨਹੀਂ ਸੀ ਹਾਰਦੀ।



ਬਚਿਆਂ ਦੀ ਭੁਖ ਸ਼ਾਇਦ ਉਸ ਵਿਚ ਬਲ ਪੈਦਾ ਕਰੀ ਰਖਦੀ ਸੀ।

"ਕਾਂਤੀ, ਆਹ ਲਉ ਸਿਉ ਖਾਉ, ਤੁਹਾਡਾ ਥਕੇਵਾਂ ਉਤਰੇ।"

ਕਾਂਤੀ ਚੁਪ ਚਾਪ ਧੰਨਵਾਦ ਭਰੀਆਂ ਅੱਖਾਂ ਨਾਲ ਮੇਰੇ ਹੱਥੋਂ ਸਿਉ ਫੜ ਕੇ ਦਰਖਤ ਨਾਲ ਢੋ ਲਾਈ ਪਏ ਰਘੂ ਕੋਲ ਲੈ ਗਈ। ਉਸ ਦੇ ਚਿਹਰੇ ਤੇ ਸੋਚ ਦੇ ਨਿਸ਼ਾਨ ਆਏ। ਫੇਰ ਝਟ ਪਟ ਉਸ ਨੇ ਉਨ੍ਹਾਂ ਸੇਆਂ ਨੂੰ ਆਪਣੀ ਮੈਲੀ ਫਤੂਹੀ ਦੀ ਜੇਬ ਵਿਚ ਪਾ ਲਿਆ।

ਕਾਂਤੀ, ਸਿਉ ਚੰਗੇ ਨਹੀਂ ਲਗਦੇ?

ਬਾਬੂ ਜੀ, ਬਚਿਆਂ ਕੂ ਦਈਂਗੇ।

ਬਚਿਆਂ ਲਈ ਅਸੀਂ ਹੋਰ ਦੇ ਦਿੰਦੇ ਆਂ, ਇਹ ਤੁਸੀਂ ਖਾ ਲਓ। ਕਾਂਤੀ ਨੇ ਇਕ ਹੋਰ ਸਿਉ ਅੱਖਾਂ ਬੰਦ ਕਰੀ ਪਏ ਰਘੂ ਨੂੰ ਫੜਾ ਦਿਤਾ ਤੇ ਦੂਜਾ ਆਪ ਚੱਕ ਵਢ ਕੇ ਖਾਣ ਲਗ ਪਈ। ਇਕ ਸੁਰਖ ਬੁਲ੍ਹਾਂ ਵਾਲੀ ਉਸ ਨੂੰ ਇਸ ਤਰ੍ਹਾਂ ਖਾਂਦਿਆਂ ਵੇਖ ਕੇ ਨੱਕ ਚਾੜ੍ਹ ਕੇ ਕੋਲੋਂ ਦੀ ਲੰਘ ਗਈ। ਕਾਂਤੀ ਕਿੰਨਾਂ ਹੀ ਚਿਰ ਉਸ ਦੇ ਰੇਸ਼ਮੀ ਕਪੜੇ, ਉਸ ਦੇ ਪ੍ਰੀਤ ਨਾਲ ਵਾਹੇ ਵਾਲ ਅਤੇ ਸੁਚੱਜ ਨਾਲ ਕੀਤੇ ਜੂੜੇ ਵਲ ਮੂੰਹ ਅੱਡੀ ਵੇਖਦੀ ਰਹੀ। ਫੇਰ ਉਸ ਦਾ ਕੋਟ ਇਕ ਪਹਾੜੀ ਮੁੰਡੂ ਹਥ ਵੇਖ ਕੇ ਕਾਂਤੀ ਨੇ ਆਪਣੀ ਇਕ ਮਣ ਦੀ ਸ਼ਤੀਰੀ ਵਲ

ਤਕਿਆ–ਜਿਸ ਦੇ ਭਾਰ ਨੇ ਉਸ ਦਾ ਲਕ ਮਰਕੋੜ ਦਿੱਤਾ ਹੋਇਆ ਸੀ–ਭਾਵੇਂ ਲਕ ਉਸ ਦਾ ਪੰਜਾਂ ਨਿਆਣਿਆਂ ਨੇ ਅਗੇ ਹੀ ਸਾਬਤ ਨਹੀਂ ਸੀ ਰਹਿਣ ਦਿਤਾ। ਇੱਡੀ ਭਾਰੀ ਸ਼ਤੀਰੀ ਉਸ ਨੂੰ ਪੇਟ ਦੀ ਖ਼ਾਤਰ ਰੋਜ਼ ਲੱਕੜ ਮੰਡੀ ਤੋਂ ਅੱਡੇ ਤਕ ਪਿੱਠ ਤੇ ਲਿਜਾਣੀ ਪੈਂਦੀ ਸੀ। ਉਸਨੇ ਇਕ ਠੰਡਾ ਸਾਹ ਲਿਆ, ਫੇਰ ਰਘੂ ਵਾਂਗ ਅੱਖਾਂ ਬੰਦ ਕਰੀ ਆਜ਼ਾਦੀ ਦੀ ਖ਼ੁਸ਼ੀ ਦਾ ਦਿਤਾ ਹੋਇਆ ਸਿਉ ਖਾਂਦੀ ਰਹੀ। ਇਕ ਦਮ ਉਸ ਦਾ ਧਿਆਨ ਰਘੂ ਦੀ ਲਤ ਨਾਲ ਵੱਜੇ ਇਕ ਪੱਥਰ ਨੇ ਖਿਚ ਲਿਆ।

ਹੋਟਲ ਦੇ ਉਪਰਲੇ ਕਮਰੇ ਵਾਲੇ ਬਾਬੂਆਂ ਦਾ ਬੁਛਰ ਜਿਹਾ ਕੁੱਤਾ, ਜੋ ਕਾਫ਼ੀ ਭੂਤਿਆ ਹੋਇਆ ਸੀ, ਸ਼ਾਇਦ ਆਪਣੇ ਅਮੀਰ ਮਾਲਕਾਂ ਦੀ ਸ਼ਹਿ ਤੇ, ਹੋਟਲ ਦੇ ਇਕ ਅਵਾਰਾ ਕੁਤੇ ਨੂੰ, "ਘੁਰ, ਘੁਰ" ਕਰ ਬੈਠਾ। ਅਵਾਰਾ ਕੁੱਤਾ ਉਸ ਨੂੰ ਟੁਟ ਕੇ ਪੈ ਗਿਆ। ਏਨੇ ਨੂੰ ਇਕ ਹੋਰ ਅਵਾਰਾ ਕੁੱਤਾ ਉਸਦੀ ਮਦਦ ਲਈ ਆ ਗਿਆ। ਦੋਹਾਂ ਨੇ ਬਾਬੂਆਂ ਦਾ ਦੁਧ ਨਾਲ ਪਲਿਆ ਕੁੱਤਾ ਦਬਾ ਲਿਆ ਕੁੱਤੇ ਦੀ ਆਵਾਜ਼ ਸੁਣਕੇ ਦੋ ਬਾਬੂ ਉਪਰੋਂ ਵਾਹੋ ਦਾਹੀ ਭੱਜੇ ਆਏ। ਦੋਹਾਂ ਨੇ ਇਕ ਇਕ ਪੱਥਰ ਚੁਕ ਲਿਆ। ਉਨ੍ਹਾਂ ਵਿੱਚੋਂ ਇਕ ਵੱਡਾ ਸਾਰਾ ਪੱਥਰ ਪਹਿਲੇ ਕੁੱਤੇ ਦੀ ਪਿੱਠ ਤੇ ਲਗਾ। ਉਹ ਤਾਂ ਉਥੇ ਹੀ ਢੇਰੀ ਹੋਕੇ "ਚਊਂ ਚਊਂ" ਕਰਨ ਲੱਗਾ। ਦੂਜਾ ਪੱਥਰ ਸੁਤੇ ਪਏ ਰਘੂ ਦੇ ਗੋਡੇ ਨੂੰ ਜਾ ਲੱਗਾ। ਰਘੂ ਜਿਸਦੀ ਥਕਾਵਟ ਅਜੇ ਤਕ ਲੱਥੀ ਨਹੀਂ ਸੀ ਝਟ ਪਟ ਉਠ ਬੈਠਾ। ਕਾਂਤੀ ਉਸ ਦੇ ਗੋਡੇ ਨੂੰ ਘੁਟ ਰਹੀ ਸੀ ਰਘੂ (ਜਿਸਨੂੰ ਪੱਥਰ ਦੂਰੋਂ ਆਉਣ ਕਰਕੇ ਥੋੜੀ ਹੀ ਸੱਟ ਲੱਗੀ



ਸੀ) ਇਕ ਦਮ ਗੁੱਸੇ ਨਾਲ ਬੋਲਿਆ –

"ਕੁਹਨੇ ਮਾਰਿਆ ?"

ਉਸ ਬਾਬੂਆਂ ਕੁੱਤੇ ਕੂ ਮਾਰਿਆ।"

ਰਘੂ ਉਨ੍ਹਾਂ ਵਲ ਦੇਖ ਕੇ ਚੁਪ ਕਰ ਗਿਆ ਅਤੇ ਮੂੰਹ ਵਿਚ ਹੀ ਕੁਝ ਬੁੜ ਬੁੜਾਉਣ ਲੱਗਾ–

"ਸਾਨੂੰ ਵੀ ਤਾਂ ਇਹ ਬਾਬੂ ਲੋਕ ਕੁਤਿਆਂ ਬਰੋਬਰ ਸਮਝਦੇ ਆ, ਅੱਛਾ ਆਏਗੀ ਕਦੇ ਸਾਡੀ ਵੀ ਵਾਰੀ।" ਸ਼ਾਇਦ ਕੁਝ ਇਸ ਤਰ੍ਹਾਂ ਦਾ ਭਾਵ ਸੀ ਉਸ ਦੇ ਮਨ ਵਿੱਚ।

ਮੇਰਾ ਦੋਸਤ ਜੋ ਕੁਝ ਵਧੇਰੇ ਹੀ ਜੋਸ਼ੀਲਾ ਏ– ਇਹ ਝਾਕੀ ਦੇਖ ਕੇ ਗਰਮ ਹੋਣ ਲੱਗਾ ਸੀ, ਪਰ ਮੈਂ ਉਸ ਨੂੰ ਚੁਪ ਕਰਾ ਦਿਤਾ। "ਆਜ਼ਾਦੀ ਵਾਲੇ ਦਿਨ ਇਕਠੀਆਂ ਦੋ ਲੜਾਈਆਂ ਠੀਕ ਨਹੀਂ, ਇਹ ਬਦ ਸ਼ਗਨੀ ਨਾ ਕਰ।" ਮੈਂ ਆਪਣੇ ਮਿਤ੍ਰ ਨੂੰ ਹਸਾਉਣ ਦੀ ਖਾਤਰ ਕਿਹਾ। ਅਜ ਸਵੇਰੇ ਹੀ ਸਾਡੀ ਉਨ੍ਹਾਂ ਬਾਬੂਆਂ ਨਾਲ ਗੁਆਂਢੀਆਂ ਦੀ ਖ਼ਾਤਰ ਝੜਪ ਹੋ ਚੁੱਕੀ ਸੀ। ਸਾਡੇ ਨਾਲ ਵਾਲੇ ਕਮਰੇ ਵਿਚ ਇਕ ਸ਼ਰੀਫ ਜੋੜਾ ਰਹਿੰਦਾ ਸੀ। ਉਪਰ ਵਾਲੇ ਬਾਬੂ ਉਨ੍ਹਾਂ ਨੂੰ ਬੇਹਦ ਤੰਗ ਕਰਦੇ ਸਨ। ਉਨ੍ਹਾਂ ਨੂੰ ਰੋਜ਼ ਆਖਿਆ ਕਰਨ–"ਤੁਹਾਡਾ ਧੂਆਂ ਕਿਉਂ ਸਾਡੀ ਬਾਰੀ ਕੋਲੋਂ ਦੀ ਲੰਘਦਾ ਏ। ਰੋਟੀ ਮਤ ਪਕਾਓ,ਹੋਟਲ ਤੇ ਜਾ ਕੇ ਖਾਓ, ਰੰਗਾ ਜੀ ਨਹੀਂ ਆਏ ਹੋਏ।" ਖ਼ੈਰ ਸਵੇਰੇ ਸਵੇਰੇ ਸਾਡੀ ਘੂਰ ਦਬਕ ਨੇ ਬਾਬੂਆਂ ਦੀ ਆਜ਼ਾਦੀ ਦੀ ਅੱਧੀ ਕੁ ਖ਼ੁਸ਼ੀ ਭੰਗ ਕਰ ਦਿੱਤੀ ਹੋਈ ਸੀ।

ਇੰਨੇ ਨੂੰ ਫੇਅਰਿੰਗ ਕਰਾਸ ਵਲੋਂ ਨਾਅਰੇ ਸੁਣਾਈ

ਦਿਤੇ– "ਅਜੀਤ ਸਿੰਘ ਜ਼ਿੰਦਾ ਬਾਦ ! ਭਗਤ ਸਿੰਘ ਜ਼ਿੰਦਾ ਬਾਦ ! ਅਜੀਤ ਸਿੰਘ ਅਮਰ ਹੈ ।" ਸਭ ਲੋਕੀਂ ਕਮਰਿਆਂ ਤੋਂ ਬਾਹਰ ਨਿਕਲ ਆਏ । ਅੱਠਾਂ ਦਸਾਂ ਇਸਤ੍ਰੀ ਮਰਦਾਂ ਨੂੰ ਕਾਂਗਰਸੀ ਝੰਡਾ ਚੁੱਕੀ ਤੁਰੇ ਜਾਂਦੇ ਵੇਖ ਕੇ ਲੋਕੀ ਹੈਰਾਨੀ ਵਿਚ ਗੱਲਾਂ ਕਰਨ ਲੱਗ ਪਏ–

ਹਾਯਾ ਨੀ, ਆਹ ਜਲੂਸ ਐ ।

ਓਇ ਇਹ ਜਲੂਸ ਏ ਕਿ ਮਖੌਲ ।

ਲਾਗੇ ਖੜੇ ਇਕ ਬਜ਼ੁਰਗ ਨੇ ਇਹ ਦਸ ਕੇ ਸਾਰਿਆਂ ਦੀ ਹੈਰਾਨੀ ਘਟਾਈ ਕਿ ਡਲਹੌਜ਼ੀ ਦੀਆਂ ਦੋਹਾਂ ਕਾਂਗਰਸ ਪਾਰਟੀਆਂ ਦੇ ਵਖੋ ਵਖ ਜਲੂਸਾਂ ਵਿਚ ਗੜ ਬੜ ਪੈਣ ਦੇ ਡਰੋਂ ਅਫਸਰਾਂ ਨੇ ਦੋਵੇਂ ਜਲੂਸ ਬੰਦ ਕਰ ਦਿਤੇ ਨੇ ।

"ਰਬ ਬਚਾਏ ਮੁਲਕ ਨੂੰ ਇਨ੍ਹਾਂ ਤੋਂ, ਆਜ਼ਾਦੀ ਵਾਲੇ ਦਿਨ ਵੀ ਇਹ ਇਕੱਠੇ ਨਹੀਂ ਹੋ ਸਕਦੇ ।' ਬਜ਼ੁਰਗ ਦੀ ਗਲ ਵਿਚੋਂ ਟੋਕ ਕੇ ਇਕ ਨੌਜਵਾਨ ਨੇ ਆਖਿਆ–ਹੁਣ ਇਹ ਪਾਰਟੀ ਅਜੀਤ ਸਿੰਘ ਸ਼ਹੀਦ ਦੀ ਸਮਾਧ ਤੇ ਫੁਲ ਚੜ੍ਹਾਣ ਚੱਲੀ ਹੈ । ਉਸ ਨੇ ਇਹ ਭੀ ਦਸਿਆ ਕਿ ਉਸ ਪਾਰਟੀ ਨਾਲ ਜੋ ਪੰਜ ਜ਼ਨਾਨੀਆਂ ਹਨ, ਉਨ੍ਹਾਂ ਵਿਚੋਂ ਇਕ ਅਜੀਤ ਸਿੰਘ ਦੀ ਧਰਮ ਪਤਨੀ, ਦੂਜੀ ਭਗਤ ਸਿੰਘ ਦੀ ਭੈਣ, ਅਤੇ ਬਾਕੀ ਤਿੰਨ ਲੜਕੀਆਂ, ਅਜੀਤ ਸਿੰਘ ਦੀਆਂ ਭਤੀਜੀਆਂ ਸਨ । ਉਹ ਪੰਜੇ ਬਿਲਕੁਲ ਸਾਦਾ ਤੇ ਸਾਧਾਰਨ ਲਿਬਾਸ ਵਿਚ ਸਨ ।

"ਨਾ ਗਾਂਧੀ, ਨਾ ਜਵਾਹਰ ਲਾਲ, ਇਹ ਭਗਤ ਸਿਹੁੰ, ਅਜੀਤ ਸਿਹੁੰ ਕੌਣ ਨੇ ਨੀ ?'



ਕੋਈ ਕਾਂਗਰਸੀ ਬੰਦੇ ਹੋਣਗੇ ਇਥੋਂ ਦੇ, ਸਾਨੂੰ ਕੀ ਆਓ ਸਿਨਮਾ ਵੇਖੀਏ ਚਲ ਕੇ ।

ਕੁਰਸੀ ਅੰਦਰ ਰਖਦਿਆਂ ਤੇ ਬੂਹਾ ਬਾਰੀ ਬੰਦ ਕਰਦਿਆਂ ਪਾਰਟੀ ਅਗੇ ਲੰਘ ਗਈ ਸੀ ਅਤੇ ਅਸੀ ਛੇਤੀ ਛੇਤੀ ਤੁਰਕੇ ਕਾਫੀ ਦੂਰ ਜਾ ਕੇ ਉਸ ਨਾਲ ਰਲੇ । ਡਾਕਖਾਨੇ ਦੇ ਚੌਂਕ ਵਿਚ ਇਸਤ੍ਰੀ ਮਰਦਾਂ ਦਾ ਇਕ ਤਕੜਾ ਮੇਲਾ ਲੱਗਾ ਹੋਇਆ ਸੀ । ਕਮਰਸ਼ਲ ਕਾਲਜ ਦੇ ਰੰਗੀਨ ਮੁੰਡੇ ਤਾੜ ਭਰੀਆਂ ਅੱਖਾਂ ਨਾਲ ਸ਼ਾਇਦ ਆਜ਼ਾਦੀ ਦੀ ਖ਼ੁਮਾਰੀ ਵਿਚ ਏਧਰ ਉਧਰ ਘੁੰਮ ਰਹੇ ਸਨ । ਕਈ ਬੈਂਚਾਂ ਤੇ ਬੈਠੇ ਧੁਪ ਸੇਕ ਰਹੇ ਸਨ, ਬਹੁਤ ਸਾਰੇ ਸ਼ਾਮ ਦੀ ਸੈਰ ਲਈ ਨਿਕਲੇ ਹੋਏ ਸਨ ਅਤੇ ਕਈ ਸ਼ਾਮ ਦੇ ਖਾਣੇ ਲਈ ਕੁਝ ਖ਼ਰੀਦ ਕਰ ਰਹੇ ਸਨ । ਭਲਾ ਕਿਸ ਨੂੰ ਵਿਹਲ ਸੀ ਇਨ੍ਹਾਂ ਦੇ ਨਾਹਰੇ ਸੁਣਨ ਦੀ ਜਾਂ ਅਜੀਤ ਸਿੰਘ ਦੀ ਸਮਾਧ ਤੇ ਜਾ ਕੇ ਫੁਲ ਚੜ੍ਹਾਨ ਦੀ । ਆਪਣੇ ਧੰਦੇ ਨਹੀਂ ਮੁਕਦੇ ਲੋਕਾਂ ਕੋਲੋਂ, ਮੋਏ ਬੰਦਿਆਂ ਨੂੰ ਉਹ ਕੀ ਰੋਣ । ਫੇਰ ਵੀ ਅੱਤ ਰੁਝੇਵੇਂ ਛਡ ਕੇ ਪੰਝੀ ਤੀਹ ਜੀ ਉਥੋਂ ਪਾਰਟੀ ਨਾਲ ਰਲ ਹੀ ਗਏ।ਹਜ਼ਾਰਾਂ ਵਿਚੋਂ ਪੰਝੀ ਤੀਹ ਨਿਤਰ ਆਏ । ਕੋਈ ਘਟ ਗਿਣਤੀ ਨਹੀਂ ਇਹ । ਆਜ਼ਾਦੀ ਦਾ ਆਸ਼ਕ ਤਾਂ ਇਕ ਵੀ ਮਾਣ ਨਹੀਂ ਹੁੰਦਾ । ਭਗਤ ਸਿੰਘ ਨੇ ਇਕੱਲੇ ਅੰਗਰੇਜ਼ਾਂ ਨੂੰ ਵਖਤ ਪਾ ਦਿਤਾ ਸੀ । ਅਜੀਤ ਸਿੰਘ ਵੀ ਤਾਂ ਇਕੱਲਾ ਹੀ ਜਰਮਨੀ 'ਚ ਗਜਦਾ ਸੀ । ਪਰ ਮੁਸ਼ਕਲ ਤਾਂ ਇਹ ਸੀ ਕਿ ਇਨ੍ਹਾਂ ਪੰਝੀ ਤੀਹਾਂ ਵਿਚੋਂ ਬਹੁਤੇ ਤਮਾਸ਼ਬੀਨ ਅਤੇ ਬੱਚੇ ਹੀ ਸਨ ।

ਮੀਲ ਡੇਢ ਮੀਲ ਦਾ ਪੰਧ ਕਰਕੇ ਅਤੇ ਅਜ਼ਾਦੀ ਦੇ ਤਰਾਨੇ

ਗਾਉਂਦੀ ਤੇ ਨਾਅਰੇ ਲਾਉਂਦੀ ਇਹ ਪਾਰਟੀ ਪੌਣੇ ਚਾਰ ਵਜੇ ਸਮਾਧ ਤੇ ਪੁੱਜੀ। ਇਸ ਮੌਕੇ ਲਈ ਸਮਾਧ ਦਾ ਆਲਾ ਦੁਆਲਾ ਕਾਫ਼ੀ ਸਾਫ਼ ਤੇ ਪਧਰਾ ਕੀਤਾ ਹੋਇਆ ਸੀ। ਨੀਅਤ ਵਕਤ ਵਿਚ ਪੰਦਰਾਂ ਮਿੰਟ ਰਹਿਣ ਕਰਕੇ ਗਿਆਨੀ ਦਰਬਾਰਾ ਸਿੰਘ ਨੇ ਸ: ਅਜੀਤ ਸਿੰਘ ਦੀ ਜ਼ਿੰਦਗੀ ਤੇ ਰੌਸ਼ਨੀ ਪਾਈ। ਗਿਆਨੀ ਜੀ ਨੇ ਦਸਿਆ ਕਿ ਕਿਸ ਤਰ੍ਹਾਂ ਭਾਰਤ ਦੀ ਆਜ਼ਾਦੀ ਦਾ ਪੁਤਲਾ ਚੌਦਾਂ ਪੰਦਰਾਂ ਅਗਸਤ ੧੯੪੭ ਦੀ ਰਾਤ ਨੂੰ ਬਾਰਾਂ ਵਜੇ ਦੇ ਕਰੀਬ ਇਸ ਦੁਨੀਆਂ ਨੂੰ ਤਿਆਗ ਗਿਆ। ਪੰਜਾਬ ਦੀ ਗੜ ਬੜ ਕਰਕੇ ਉਸ ਦਾ ਮਨ ਉਚਾਟ ਹੋ ਚੁਕਾ ਸੀ, ਸੋ ਉਹ ਇਸ ਤਰ੍ਹਾਂ ਦੀ ਖ਼ੂਨੀ ਆਜ਼ਾਦੀ ਤੋਂ ਅਤ ਨਿਰਾਸ ਹੋ ਗਿਆ ਸੀ। ਉਸ ਪਿਛੋਂ ਕਵੀ ਨਿਥਾਵਾਂ ਨੇ ਇਕ ਜਸ ਭਰੀ ਕਵਿਤਾ ਪੜ੍ਹੀ।

ਇੰਨੇ ਨੂੰ ਚਾਰ ਵਜ ਗਏ। ਸਭ ਤੋਂ ਪਹਿਲਾਂ ਅਜੀਤ ਸਿੰਘ ਦੀ ਬਜ਼ੁਰਗ ਪਤਨੀ ਨੇ ਫੁਲ ਭੇਟ ਕੀਤੇ: ਫੇਰ ਭਗਤ ਸਿੰਘ ਦੀ ਭੈਣ ਅਤੇ ਲੜਕੀਆਂ ਨੇ। ਉਨ੍ਹਾਂ ਪਿਛੋਂ ਬਾਕੀ ਸਭ ਲੋਕਾਂ ਨੇ ਵਾਰੋ ਵਾਰੀ ਆਪਣੀ ਸ਼ਰਧਾ ਪ੍ਰਗਟ ਕੀਤੀ। ਸ: ਨਾਨਕ ਸਿੰਘ ਜੋ ਐਨ ਵੇਲੇ ਸਿਰ ਉਥੇ ਪੁਜ ਗਿਆ ਸੀ, ਦੇ ਨਾਲ ਅਸੀਂ ਵੀ ਆਪਣੀ ਸ਼ਰਧਾਂਜਲੀ ਭੇਟ ਕੀਤੀ।

ਮੀਂਹ ਵਰ੍ਹਨ ਲਗ ਪਿਆ ਸੀ, ਇਸ ਕਰਕੇ ਲਕੀ ਛੇਤੀ ਛੇਤੀ ਮੁੜੇ ਆ ਰਹੇ ਸਨ। ਜਿਸ ਵੇਲੇ ਇਹ ਪਾਰਟੀ ਮੁੜ ਡਾਕ-ਖਾਨੇ ਦੇ ਚੌਂਕ ਕੋਲ ਪੁੱਜੀ, ਤਾਂ ਮੀਂਹ ਬੰਦ ਹੋ ਚੁਕਾ ਸੀ, ਲੋਕੀ ਉਸੇ ਤਰ੍ਹਾਂ ਫੇਰ ਆਪੋ ਆਪਣੇ ਕੰਮਾਂ ਵਿਚ ਰੁਝੇ ਹੋਏ ਸਨ। ਮਜ਼-ਦੂਰ ਉਸੇ ਤਰ੍ਹਾਂ ਲਕ-ਤੋੜ ਸ਼ਤੀਰੀਆਂ ਚੁੱਕੀ ਜਾ ਰਹੇ ਸਨ।



ਜਾਣੋ ਪੰਦਰਾਂ ਅਗਸਤ ਦਾ ਦਿਨ ਉਨ੍ਹਾਂ ਲਈ ਹੋਰ ਦਿਨਾਂ ਵਰਗਾ ਹੀ ਇਕ ਸਾਧਾਰਨ ਦਿਨ ਸੀ। ਅਸਲ ਵਿੱਚ ਇਹ ਅਮੀਰਾਂ ਦੀ ਆਜ਼ਾਦੀ ਦਾ ਦਿਨ ਹੈ।

ਜਿਸ ਅਸੀਂ ਕਮਰੇ ਕੋਲ ਪੁੱਜੇ ਤਾਂ ਅਸੀਂ ਵੇਖਿਆ ਕਿ ਰਘੂ ਤੇ ਕਾਂਤੀ ਸਾਡੇ ਕਮਰੇ ਲਾਗੇ ਖੜੇ ਸਨ। ਸਾਨੂੰ ਪਤਾ ਸੀ ਕਿ ਉਹ ਕੇਵਲ ਸਿਉਆਂ ਦੀ ਖਾਤਰ ਖੜੇ ਸਾਡਾ ਇੰਤ-ਜ਼ਾਰ ਕਰ ਰਹੇ ਸਨ। ਸਿਉਆਂ ਦੀ ਧਰਤੀ ਦੇ ਰਹਿਣ ਵਾਲੇ ਇਹ ਜੀਵ ਸਿਉਆਂ ਲਈ ਤਰਸ ਰਹੇ ਸਨ।

"ਮਾਂਹਰਾਜ ਮੀਂਹ ਕਰਕੇ, ਹੀ ਹੀ......" ਕੋਈ ਗਲ ਨਹੀਂ, ਅੰਦਰ ਆ ਜਾਉ ਬੇਸ਼ਕ। ਅਸੀਂ ਉਨ੍ਹਾਂ ਨੂੰ ਤਿੰਨ ਚਾਰ ਸਿਉ ਫੜਾ ਦਿਤੇ ਉਹ ਉਸੇ ਵੇਲੇ ਝਟ ਪਟ ਤੁਰ ਗਏ। ਦੂਜੇ ਦਿਨ ਉਨ੍ਹਾਂ ਵਿਚੋਂ ਕੋਈ ਨਾ ਆਇਆ। ਤੀਜੇ ਚੌਥੇ ਪੰਜਵੇਂ ਦਿਨ ਵੀ ਜਦੋਂ ਕੋਈ ਨਾ ਬਹੁੜਿਆ ਤਾਂ ਸਾਨੂੰ ਕੁਝ ਫਿਕਰ ਜਿਹਾ ਲਗ ਗਿਆ। ਅਸੀਂ ਹੁਣ ਤਕ ਸੋਚਦੇ ਹਾਂ–ਸ਼ਾਇਦ ਰਘੂ ਕਾਂਤੀ ਪੁਰ ਵੀ ਆਜ਼ਾਦੀ ਦਾ ਪਾਜ ਉਘੜ ਗਿਆ ਸੀ ਤੇ ਉਹ ਵੀ ਅਜੀਤ ਸਿੰਘ ਵਾਂਗ ਨਿਰਾਸ ਹੋ ਕੇ ਪੰਦਰਾਂ ਅਗਸਤ ਵਾਲੇ ਦਿਨ ਇਸ ਭਾਰਤ ਨੂੰ ਸਦਾ ਲਈ ਛਡ ਗਏ।